# ਸੁਤੰਤਰਤਾ ਸੰਗਰਾਮ ਦੇ ਅਗਰਗਾਮੀ

# ਕੂਕੇ



15 ਸਤੰਬਰ, 1871 ਵਿੱਚ ਅੰਮ੍ਰਿਤਸਰ ਵਿਖੇ ਨਾਮਧਾਰੀ ਸਿੱਖ ਫਾਂਸੀ ਦੇ ਰੱਸੇ ਨੂੰ ਚੁੰਮਦੇ ਹੋਏ

Namdhari Elibrary NamdhariElibrary@gmail.com

Namdhari Elibrary NamdhariElibrary@gmail.com

# ਸੁਤੰਤਰਤਾ ਸੰਗਰਾਮ ਦੇ ਅਗਰਗਾਮੀ

# ਕੂਕੇ

15 ਅਗਸਤ 1997 ਨੂੰ ਅਸੀਂ ਭਾਰਤਵਾਸੀਆਂ ਨੇ ਮੁਸ਼ਕਲਾਂ ਨਾਲ ਪ੍ਰਾਪਤ ਕੀਤੀ ਆਪਣੀ ਉਸ ਸੁਤੰਤਰਤਾ ਦੀ ਅਰਧ ਸ਼ਤਾਬਦੀ ਬੜੀ ਧੂਮ-ਧਾਮ ਨਾਲ ਮਨਾਈ ਹੈ ਜਿਸ ਦੀ ਵੇਦੀ ਤੇ ਸਾਡੇ ਅਣਗਿਣਤ ਪੁਰਬਜਾਂ ਨੂੰ ਆਪਣੀਆਂ ਅਣਮੁਲੀਆਂ ਜ਼ਿੰਦਗੀਆਂ ਨਿਛਾਵਰ ਕਰਨੀਆਂ ਪਈਆਂ। ਇਸ ਲੰਮੇਰੀ ਜਦੋਜਹਿਦ ਵਿਚ ਹਰੇਕ ਦੇਸ਼ ਭਗਤ ਭਾਰਤੀ ਨੇ ਆਪੋ ਆਪਣੇ ਵਿਤ ਤੇ ਸਾਧਨਾਂ ਅਨੁਸਾਰ ਯੋਗਦਾਨ ਪਾਇਆ। ਇਸ ਪਵਿੱਤਰ ਉਦੇਸ਼ ਦੀ ਪ੍ਰਾਪਤੀ ਵਿਚ ਪੰਜ ਦਰਿਆਵਾਂ ਦੀ ਧਰਤੀ ਵੀ ਕਿਸੇ ਤੋਂ ਪਿਛੇ ਨਹੀਂ ਰਹੀ ਸਗੋਂ ਇਸ ਤੋਂ ਉਲਟ, ਕਈ ਪੱਖਾਂ ਤੋਂ ਇਸ ਨੇ ਆਪਣੇ ਦੂਜੇ ਵਤਨੀ ਭਰਾਵਾਂ ਦਾ ਪਥ-ਪ੍ਰਦਰਸ਼ਨ ਵੀ ਕੀਤਾ।

ਉਨ੍ਹਾਂ ਅੰਗਰੇਜ਼-ਸਿੱਖ ਯੁਧਾਂ ਦੇ ਅੰਤ 'ਤੇ ਜਿਹੜੇ ਬਰਤਾਨਵੀ ਅਹਿਲਕਾਰਾਂ ਵਲੋਂ ਭੜਕਾਏ ਗਏ ਸਨ, ਲਾਲਚੀ ਤੇ ਰਾਜਸੀ ਬਰਤਾਨਵੀ ਚਾਲਾਂ ਦਾ ਸ਼ਿਕਾਰ ਹੋਣ ਵਾਲਾ ਪੰਜਾਬ ਭਾਰਤ ਦਾ ਅੰਤਮ ਪ੍ਰਾਂਤ ਸੀ। ਵਫਾਦਾਰ ਪੰਜਾਬੀ, ਬਦੇਸ਼ੀਆਂ ਵਿਰੁੱਧ ਪੂਰੀ ਤਰ੍ਹਾਂ ਡਟ ਕੇ ਲੜੇ ਪਰ ਬਦਕਿਸਮਤੀ ਨੂੰ, ਲਾਹੌਰ ਦਰਬਾਰ ਦੇ ਕੁਝ ਆਗੂਆਂ ਦੀ ਗਦਾਰੀ ਕਾਰਨ ਉਹ ਹਾਰ ਗਏ। ਉਸ ਹਾਰ ਦਾ ਸਿੱਟਾ ਨਿਕਲਿਆ ਪੰਜਾਬ ਉਤੇ ਅੰਗਰੇਜ਼ਾਂ ਦੇ ਕਬਜ਼ੇ ਦੇ ਰੂਪ ਵਿਚ। ਇਹ ਸਭ ਕੁਛ ਹੋਣ ਦੇ ਬਾਵਜੂਦ ਦੇਸ਼-ਭਗਤਾਂ ਨੇ ਨਾ ਤਾਂ ਹੌਸਲਾ ਹਾਰਿਆ ਤੇ ਨਾ ਹੀ ਉਹ ਆਪਣੀ ਧਰਤੀ ਤੇ ਬਰਤਾਨਵੀ ਮਾਲਕੀ ਸਵੀਕਾਰ ਕਰਨ ਨੂੰ ਤਿਆਰ ਹੀ ਹੋਏ।

ਇਸ ਸੰਕਟ ਸਥਿਤੀ ਵਿਚ ਨਾਮਧਾਰੀ ਜਾਂ ਕੂਕਿਆਂ ਨੇ, ਜਿਵੇਂ ਉਨ੍ਹਾਂ ਨੂੰ ਇਤਿਹਾਸ ਵਿਚ ਜਾਣਿਆ ਜਾਂਦਾ ਹੈ, ਮੌਕਾ ਸੰਭਾਲਿਆ ਤੇ ਉਸ ਸ਼ਕਤੀਸ਼ਾਲੀ ਰਾਜ ਵਿਰੁਧ ਉਦੋਂ ਆਵਾਜ਼ ਉਠਾਈ ਜਦੋਂ ਇਸ ਦਾ ਭਾਵ ਮੌਤ ਸੀ। ਕੂਕਾ ਲਹਿਰ ਦਾ ਮੁਢ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਦੇ ਛੋਟੇ ਜਿਹੇ ਪਿੰਡ ਭੈਣੀ (ਸਾਹਿਬ) ਤੋਂ 1857 ਦੀ ਵੈਸਾਖੀ ਦੇ ਦਿਨ ਅਪ੍ਰੈਲ ਵਿਚ ਬੱਝ ਜਾਣ ਕਾਰਨ ਇਹ ਭਾਰਤ ਦੀ ਸੁਤੰਤਰਤਾ ਦੇ ਉਸ ਪਹਿਲੇ ਯੁਧ ਤੋਂ ਵੀ ਪਹਿਲੀ ਸੀ ਜੋ ਉਸੇ ਸਾਲ ਪਿਛੋਂ ਜਿਹੇ ਲੜਿਆ ਗਿਆ ਸੀ। ਉਨ੍ਹਾਂ ਨੇ ਪੰਜਾਬੀਆਂ ਨੂੰ ਰਾਜਸੀ ਨੀਂਦ ਤੋਂ ਜਾਗ੍ਰਿਤ ਕਰਨ ਦੀ ਮੁਹਿੰਮ ਆਰੰਭੀ। ਇਸ ਕਰ ਕੇ ਸੁਭਾਵਕ ਤੌਰ 'ਤੇ ਹੀ ਕੂਕੇ ਸਭ ਤੋਂ ਪਹਿਲੇ ਸੁਤੰਤਰਤਾ ਸੰਗਰਾਮੀ ਸਨ ਤੇ ਉਸ ਜਨਤਾ ਦੇ ਧਿਆਨ ਦੇ ਪਾਤਰ ਹਨ ਜਿਸ ਨੇ ਹੁਣ ਤਕ ਤ੍ਰਿਸਕਾਰ ਭਾਵਨਾ ਨਾਲ ਇਸ ਇਤਿਹਾਸਕ ਤੱਥ ਨੂੰ ਅੱਖੋਂ ਪਰੋਖੇ ਕਰੀ ਰੱਖਿਆ ਹੈ।

Namdhari Elibrary NamdhariElibrary@gmail.com

ਇਤਿਹਾਸ ਦਾ ਸੁਹਿਰਦ ਅਧਿਐਨ ਇਹ ਗੱਲ ਪ੍ਰਗਟ ਕਰੇਗਾ ਕਿ ਲਗਪਗ ਹਰੇਕ ਲਹਿਰ ਦਾ ਮੁੱਢ ਵਿਚ ਉਸ ਰੂਪ ਨਾਲੋਂ ਬਹੁਤ ਭਿੰਨ ਰੂਪ ਹੁੰਦਾ ਹੈ ਜਿਸ ਰੂਪ ਕਰ ਕੇ ਇਹ ਪ੍ਰਸਿਧ ਹੁੰਦੀ ਹੈ। ਸਾਧਾਰਨ ਤੌਰ 'ਤੇ "ਕਿਉਂਕਿ ਲਹਿਰਾਂ ਮੁੱਢ ਵਿਚ ਸਦਾ ਹੀ ਇਕੋ ਨਿਸਚਿਤ ਉਦੇਸ਼ ਨਾਲ ਸੰਗਠਤ ਨਹੀਂ ਕੀਤੀਆਂ ਜਾਂਦੀਆਂ ਇਸ ਲਈ ਕਿਸੇ ਲਹਿਰ ਨੂੰ ਪਛਾਨਣ ਲਈ, ਜਿਸ ਦਾ ਨਿਖਰਵਾਂ ਰੂਪ ਅਸੀਂ ਪਿਛੋਂ ਜਾ ਕੇ ਦੇਖਦੇ ਹਾਂ, ਇਸ ਦਾ ਮੁੱਢ ਬੱਝਣ ਵੇਲੇ ਦੀਆਂ ਕੁਛ ਨਿਸ਼ਾਨੀਆਂ, ਸਿਧੇ ਜਾਂ ਅਸਿਧੇ ਤੌਰ 'ਤੇ ਲੱਭਣ ਦੀ ਲੋੜ ਹੁੰਦੀ ਹੈ।"[1] ਅਮਰੀਕਾ ਦੀ ਬੋਸਟਨ ਚਾਹ ਪਾਰਟੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਇਸ ਦੀਆਂ ਦੋ ਉਘੀਆਂ ਉਦਾਹਰਣਾਂ ਹਨ।

ਕੂਕਾ ਲਹਿਰ ਦੇ ਬਾਨੀ, ਗੁਰੂ ਰਾਮ ਸਿੰਘ ਜੀ ਨੇ, ਮਹਾਰਾਜਾ ਰਣਜੀਤ ਸਿੰਘ ਦੀ ਨੌਨਿਹਾਲ ਰੈਜਮੈਂਟ ਵਿਚ ਆਪਣੀ ਨੌਕਰੀ ਸਮੇਂ ਆਪਣੀ ਅੱਖੀਂ ਦੇਖ ਲਿਆ ਸੀ ਕਿ ਸਿੱਖ ਕਿਸ ਹੱਦ ਤਕ ਨਿੱਘਰ ਚੁੱਕੇ ਸਨ ਤੇ ਇਸ ਨਿਘਾਰ ਨੇ ਉਨ੍ਹਾਂ ਦੀ ਸੂਰਮਗਤੀ ਨੂੰ ਕਿਵੇਂ ਪ੍ਰਭਾਵਤ ਕੀਤਾ ਸੀ ਤੇ ਇਸ ਦੇ ਸਿੱਟੇ ਵਜੋਂ ਉਹ ਕਿਵੇਂ ਆਪਣੇ ਧਰਮ ਤੋਂ ਪਤਿਤ ਅਤੇ ਸਦਾਚਾਰ ਤੋਂ ਹੀਣੇ ਹੋਏ ਜਿਸ ਦੇ ਫਲਸਰੂਪ ਹੀ ਅਜਿੱਤ ਸਿੱਖਾਂ ਨੂੰ ਪਿਛੋਂ ਜਾ ਕੇ ਬਰਤਾਨਵੀ ਲੋਕਾਂ ਹੱਥੋਂ ਮਾਰੂ ਹਾਰ ਖਾਣੀ ਪਈ। ਸਿੱਖ ਫੌਜਾਂ ਦੀ 1845 ਵਿਚ ਮੁਦਕੀ ਨੂੰ ਚੜ੍ਹਾਈ ਸਮੇਂ ਹੀ ਉਨ੍ਹਾਂ ਨੇ ਆਪਣੇ ਸਿੱਖ ਫੌਜੀ ਸਾਥੀਆਂ ਨੂੰ ਉਨ੍ਹਾਂ ਦੀ ਹੋਣ ਵਾਲੀ ਤਬਾਹੀ ਤੋਂ ਪੂਰਵ ਸਾਵਧਾਨ ਕੀਤਾ ਸੀ ਅਤੇ ਆਪ ਆਪਣਾ ਹਥਿਆਰ ਹਰੀਕੇ ਪੱਤਣ 'ਤੇ ਪਾਣੀਆਂ ਵਿਚ ਸੁੱਟ ਕੇ ਆਪਣੇ ਘਰ ਪਰਤ ਆਏ ਸਨ। ਸਾਲਾਂ-ਬੱਧੀ ਕੀਤੀ ਸਖ਼ਤ ਮਿਹਨਤ, ਮਾਨਸਿਕ ਇਕਾਗਰਤਾ, ਨਾਮ ਸਿਮਰਨ ਅਤੇ ਸਥਿਤੀ ਦੇ ਅਧਿਐਨ ਨੇ ਆਪ ਨੂੰ ਇਹ ਨਵੀਂ ਲਹਿਰ ਦਾ ਮੁੱਢ ਬੰਨ੍ਹਣ ਲਈ ਮਜਬੂਰ ਕਰ ਦਿਤਾ।

ਭਾਵੇਂ ਕੂਕਾ ਲਹਿਰ ਦਾ ਪ੍ਰਤੱਖ ਮਨੋਰਥ ਸਿੱਖ ਧਰਮ ਵਿਚ ਸਮਾਂ ਬੀਤਣ ਨਾਲ ਦਾਖ਼ਲ ਹੋ ਚੁਕੇ ਵਿਕਾਰਾਂ ਨੂੰ ਦੂਰ ਕਰ ਕੇ ਤੇ ਇਸ ਦੀ ਮੁੱਢ-ਕਦਮੀ ਪਵਿੱਤਰਤਾ ਨੂੰ ਪੁਨਰ-ਸੁਰਜੀਤ ਕਰ ਕੇ ਇਸ ਦਾ ਸੁਧਾਰ ਕਰਨਾ ਸੀ, ਫਿਰ ਵੀ ਗੁਪਤ ਤੌਰ ਤੇ ਕੂਕਿਆਂ ਦਾ ਟੀਚਾ ਅੰਗਰੇਜ਼ਾਂ ਦਾ ਆਪਣੇ ਵਤਨ ਵਿਚੋਂ ਤਲਾ-ਮੂਲ ਪੁਟ ਕੇ ਮਹਾਰਾਜਾ ਦਲੀਪ ਸਿੰਘ ਦੇ ਰਾਜ ਦੀ ਪੁਨਰਸਥਾਪਨਾ ਤੋਂ ਜ਼ਰਾ ਵੀ ਘੱਟ ਨਹੀਂ ਸੀ। ਸਿੱਖ ਇਤਿਹਾਸਕਾਰ, ਗਿਆਨੀ ਗਿਆਨ ਸਿੰਘ ਕੂਕਿਆਂ ਦੇ ਆਪਣੇ ਰਾਜ ਦੀ ਸਥਾਪਨਾ ਨੂੰ ਉਨ੍ਹਾਂ ਦੀ ਅਚੂਕ ਲਾਲਸਾ ਦਸਦਾ ਹੈ।[2] ਇਕ ਸੋਵੀਅਤ ਇਤਿਹਾਸਕਾਰ, ਬ. ਬੋਗੋਸਲੋਵਕੀ, ਕਹਿੰਦਾ ਹੈ ਕਿ "ਇਹ ਇਕ ਅਜਿਹੀ ਲਹਿਰ ਸੀ ਜਿਸ ਦਾ ਖਾਸਾ ਜਮਹੂਰੀ ਸੀ ਪਰ ਜਿਹਨੂੰ ਸਾਮੰਤੀ ਧਾਰਮਕ ਲਬਾਦੇ ਵਿਚ ਲਪੇਟਿਆ ਗਿਆ ਸੀ।" ਇਸ ਖਾਸੇ ਕਾਰਨ ਕੂਕੇ ਅੰਗਰੇਜ਼ਾਂ ਤੋਂ ਭੁਲਾਂਦਰੇ ਰਾਹੀਂ ਆਪਣਾ ਅਸਲ ਉਦੇਸ਼ ਲੁਕਾਉਣ ਵਿਚ ਸਫਲ ਹੋਏ ਜਿਸ ਕਰ ਕੇ ਪੰਜ ਛੇ ਸਾਲ ਤਕ ਉਨ੍ਹਾਂ ਦਾ ਇਸ ਲਹਿਰ ਵੱਲ ਧਿਆਨ ਹੀ ਨਾ ਗਿਆ। ਇਕ ਸੋਵੀਅਤ ਹਿੰਦ ਵਿਗਿਆਨੀ ਮਿਨਾਯੇਫ ਅਨੁਸਾਰ ਰਾਜ ਭਾਗ ਦੇ ਨਵੇਂ ਮਾਲਕਾਂ ਨੂੰ ਨਾਮਧਾਰੀਆਂ ਬਾਰੇ ਸਰਬ ਪ੍ਰਥਮ ਇਤਲਾਹ ਦੇਣ ਵਾਲਾ ਸਰਦਾਰ ਅਤਰ ਸਿੰਘ ਸੀ।[3] ਕੁਛ ਵੀ ਹੋਵੇ, ਸਰਕਾਰੀ ਤੌਰ 'ਤੇ ਸਰਕਾਰ ਨੂੰ ਕੂਕਿਆਂ ਬਾਰੇ ਉੱਘ ਸੁੱਘ 1863 ਵਿਚ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਦੀ ਇਤਲਾਹ ਤੋਂ ਲਗੀ ਜਿਸ ਵਿਚ ਉਸਨੇ ਲਿਖਿਆ ਸੀ ਕਿ ਆਪਣੇ 200

Namdhari Elibrary NamdhariElibrary@gmail.com

ਸਾਥੀਆਂ ਸਮੇਤ ਕੂਕਾ ਆਗੂ ਰਾਮ ਸਿੰਘ ਇਸ ਇਲਾਕੇ ਵਿਚ ਵਿਚਰ ਰਿਹਾ ਹੈ "ਜੋ 5000 ਸਿੱਖਾਂ (ਚੇਲਿਆਂ) ਦੀ ਗੱਲ ਮਾਣ ਨਾਲ ਕਰਦਾ ਹੈ ਤੇ ਕਿਸੇ ਹਾਕਮ ਦੇ ਕਹਿਣੇ ਨਹੀਂ ਲਗਾ।"[4]

ਆਪਣੇ ਕਾਰਜਕ੍ਰਮ ਵਿਚ ਤੇਜ਼ੀ ਲਿਆਉਣ ਤੇ ਜਥੇਬੰਦੀ ਨੂੰ ਹੋਰ ਸ਼ਕਤੀ ਪ੍ਰਦਾਨ ਕਰਨ ਦੇ ਮਨੋਰਥ ਨਾਲ ਗੁਰੂ ਰਾਮ ਸਿੰਘ ਜੀ ਨੇ ਸਾਰੇ ਦੇਸ਼ ਨੂੰ 22 ਇਲਾਕਿਆਂ ਵਿਚ ਵੰਡ ਦਿਤਾ। ਹਰੇਕ ਇਲਾਕਾ ਇਕ ਯੋਗ ਤੇ ਸੁਘੜ ਵਿਅਕਤੀ ਦੇ ਸਪੁਰਦ ਕੀਤਾ ਜਿਸ ਨੂੰ ਸੂਬਾ ਕਿਹਾ ਜਾਂਦਾ ਸੀ। ਸਰਕਾਰੀ ਅਧਿਕਾਰੀ ਇਨ੍ਹਾਂ ਨੂੰ ਬਹੁਤ ਖਤਰਨਾਕ ਕੂਕੇ ਸਮਝਦੇ ਸਨ।[5] "ਜਿਹੜੇ ਸੂਬੇ ਮੈਂ ਦੇਖੇ ਹਨ ਉਹ ਨੌਜੁਆਨ ਤੇ ਦਲੇਰ ਦਿਖ ਵਾਲੇ ਹਨ," ਅੰਬਾਲੇ ਦੇ ਕਮਿਸ਼ਨਰ ਮੇਕਨਬ ਦੀ ਟਿੱਪਣੀ ਸੀ।[6] ਦੇਸ਼ ਦੀ ਸੂਬੇਦਾਰੀਆਂ ਵਿਚ ਕੀਤੀ ਵੰਡ ਨੂੰ ਜਥੇਬੰਦੀ ਦੀ ਪੂਰਨਤਾ ਦਾ ਇਕ ਅੰਗ ਸਮਝਿਆ ਜਾਂਦਾ ਸੀ।[7] ਸੂਬਿਆਂ ਵਿਚ ਇਸਤਰੀ ਜਾਤੀ ਦੀ ਪ੍ਰਤੀਨਿਧਤਾ ਲਈ ਮਾਈ ਹੁਕਮੀ ਨੂੰ ਸ਼ਾਮਲ ਕੀਤਾ ਗਿਆ ਜਿਸ ਦਾ ਪ੍ਰਚਾਰ ਰਿਪੋਰਟਾਂ ਦੇ ਆਧਾਰ ਤੇ ਬਹੁਤ ਸਫਲ ਸੀ। ਗੁਆਂਢੀ ਰਿਆਸਤਾਂ ਨੂੰ ਪਿਛੋਂ ਜਾ ਕੇ ਭੇਜੇ ਗਏ ਏਲਚੀ ਕੂਕਾ ਨੇਤਾ ਇਸੇ ਸ਼੍ਰੇਣੀ ਵਿਚੋਂ ਚੁਣੇ ਜਾਂਦੇ ਸਨ। ਉਦਾਹਰਣ ਵਜੋਂ ਸੂਬਾ ਸਾਹਿਬ ਸਿੰਘ, ਜਿਸ ਨੂੰ ਰਾਜਸੀ ਉਦੇਸ਼ ਨਾਲ ਪਿਛੋਂ ਜਾ ਕੇ ਨੇਪਾਲ ਭੇਜਿਆ ਗਿਆ ਸੀ, ਇੰਨਾਂ ਤੀਖਣ ਬੁਧੀ ਤੇ ਚੌਕਸ ਵਿਅਕਤੀ ਸੀ ਕਿ ਸਰਕਾਰੀ ਰਿਕਾਰਡ ਵਿਚ ਉਸ ਨੂੰ ਗੁਰੂ ਰਾਮ ਸਿੰਘ ਦਾ ਭਾਵੀ ਉਤਰਾਧਿਕਾਰੀ ਲਿਖਿਆ ਗਿਆ ਹੈ।

ਕੂਕਿਆਂ ਦੇ ਉੱਚ ਆਤਮਕ ਉਤਸ਼ਾਹ ਅਤੇ ਉਨ੍ਹਾਂ ਦੀ ਲਹਿਰ ਦੀ ਪ੍ਰਚੰਡਤਾ ਪਿਛੇ ਬਹੁਤ ਹੱਦ ਤਕ ਖਾਲਸਾ ਫੌਜਾਂ ਦੇ ਸਾਬਕਾ ਫੌਜੀਆਂ ਦਾ ਹੱਥ ਸੀ ਕਿਉਂਕਿ ਪਿਛੋਂ ਜਾ ਕੇ ਉਹੀ ਇਸ ਲਹਿਰ ਦੇ ਆਗੂ ਬਣੇ। ਪੰਜਾਬ ਤੇ ਅੰਗਰੇਜ਼ੀ ਕਬਜ਼ੇ ਤੋਂ ਪਿਛੋਂ ਖਾਲਸਾ ਫੌਜਾਂ ਤੋੜ ਦਿਤੀਆਂ ਗਈਆਂ ਸਨ ਅਤੇ ਬਹੁਤੇ ਦੇਸ਼ ਭਗਤ ਫੌਜੀਆਂ ਦਾ ਪਿਛਾ ਕੀਤਾ ਜਾ ਰਿਹਾ ਸੀ। ਅਜਿਹੇ ਫੌਜੀਆਂ ਲਈ ਆਸਰਾ ਦੇਣ ਵਾਲੀ ਇਕੋ ਥਾਂ ਸੀ — ਕੂਕਿਆਂ ਦਾ ਕੇਂਦਰ, ਜਿਧਰ ਨੂੰ ਉਨ੍ਹਾਂ ਨੇ ਵਹੀਰਾਂ ਘੱਤ ਦਿਤੀਆਂ। ਕੂਕੇ ਬਣਨ ਵਾਲੇ ਇਨ੍ਹਾਂ ਫੌਜੀਆਂ ਤੋਂ ਬਿਨਾਂ ਇਨ੍ਹਾਂ ਵਿਚ ਉਹ ਲੋਕੀਂ ਵੀ ਸ਼ਾਮਲ ਸਨ ਜਿਹੜੇ ਜਾਂ ਤਾਂ ਸਾਬਕਾ ਫੌਜੀਆਂ ਦੇ ਸਬੰਧੀ ਸਨ, ਜਾਂ ਜਿਹੜੇ 1857 ਦੇ ਸੁਤੰਤਰਤਾ ਯੁੱਧ ਪਿਛੋਂ ਅੰਗਰੇਜ਼ਾਂ ਦੇ ਵਿਰੁੱਧ ਹੋ ਗਏ ਸਨ ਜਾਂ ਫਿਰ ਜਿਹੜੇ ਕੂਕਿਆਂ ਤੋਂ ਪ੍ਰਭਾਵਤ ਹੋ ਕੇ ਸਰਕਾਰੀ ਨੌਕਰੀ ਨੂੰ ਲੱਤ ਮਾਰ ਆਏ ਸਨ। ਇਸ ਦਾ ਸਭ ਤੋਂ ਦਿਲਚਸਪ ਪਹਿਲੂ ਇਹ ਹੈ ਕਿ ਜਿਹੜੇ ਵਿਅਕਤੀ ਖਾਲਸਾ ਫੌਜਾਂ ਵਿਚ ਕਿਸੇ ਅਹੁਦੇ 'ਤੇ ਰਹਿ ਚੁਕੇ ਸਨ ਉਹ ਇੰਨੇ ਪ੍ਰਸਿਧ ਕੂਕਾ ਆਗੂ ਬਣੇ ਕਿ ਉਨ੍ਹਾਂ ਤੋਂ ਅੰਗਰੇਜ਼ ਵੀ ਭੈ ਖਾਂਦੇ ਸਨ। ਸੂਬਾ ਕਾਨ੍ਹ ਸਿੰਘ, ਸੂਬਾ ਗੁਰਚਰਨ ਸਿੰਘ, ਦੀਵਾਨ ਬੂਟਾ ਸਿੰਘ, ਸੂਬਾ ਸਾਹਿਬ ਸਿੰਘ ਅਜਿਹੇ ਨਾਵਾਂ ਵਿਚੋਂ ਕੁਝ ਕੁ ਨਾਂ ਹਨ। ਸਰਦਾਰ ਲਹਿਣਾ ਸਿੰਘ ਘਰਜਾਖ (ਸਰਦਾਰ ਹਰੀ ਸਿੰਘ ਨਲਵਾ ਦਾ ਜਵਾਈ) ਵੀ ਉਘੇ ਕੂਕਿਆਂ ਵਿਚੋਂ ਸੀ।[8]

ਛੇਤੀ ਹੀ ਕੂਕਿਆਂ ਦੀ ਸੰਖਿਆ ਵਧਣੀ ਸ਼ੁਰੂ ਹੋ ਗਈ। ਆਮ ਲੋਕਾਂ 'ਤੇ ਕੂਕਾ ਪ੍ਰਚਾਰ ਦਾ ਅਜਿਹਾ ਜਾਦੂ ਪਿਆ ਕਿ ਉਹ ਸੈਂਕੜਿਆਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਕੂਕੇ ਬਣਨ ਲਗ ਪਏ। ਇਕ ਸਮਕਾਲੀ ਮੁਸਲਮਾਨ ਇਤਿਹਾਸਕਾਰ ਗੁਲਾਮ ਸ਼ੇਖ ਕੂਕਿਆਂ ਦੇ ਸੰਖਿਆਤਮਕ ਪਖ 'ਤੇ ਦੰਗ

ਰਹਿ ਗਿਆ। "ਜਿਸ ਵਕਤ ਗੁਰੂ ਨਾਨਕ ਜੀ ਜੋ ਮੁਜਦੰ ਥੇ, ਨੇ ਸਿਲਸਿਲਾ ਅਰਸ਼ਾਦ ਸ਼ੁਰੂ ਕੀਆ, ਉਨ ਕੋ ਯਹ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨ ਕੇ ਚੇਲੋਂ ਮੇਂ ਹੋਤਾ।... ਇਸ ਮੁਜਦ (ਗੁਰੂ ਰਾਮ ਸਿੰਘ) ਦੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।"[9] ਜਨਵਰੀ 1868 ਵਿਚ ਤਿਆਰ ਕੀਤੇ ਗਏ ਪੁਲਸ ਯਾਦ-ਪੱਤਰ ਵਿਚ ਕਿਹਾ ਗਿਆ ਹੈ ਕਿ ਅੰਬਾਲਾ ਤੇ ਲਾਡਵਾ ਪਰਗਨੇ ਵਿਚ 15 ਪਿੰਡਾਂ ਦੀ ਸਮੁਚੀ ਆਬਾਦੀ ਰਾਮ ਸਿੰਘ ਦੇ ਮੱਤ ਵਿਚ ਨਿਸਚਾ ਰਖਣ ਵਾਲੀ ਸੀ।[10] ਇਥੋਂ ਤਕ ਕਿ ਮੁਸਲਮਾਨਾਂ ਦੇ ਕੂਕੇ ਬਣਨ ਦੀਆਂ ਰਿਪੋਰਟਾਂ ਵੀ ਸਨ। ਕੈਪਟਨ ਬੁਲੌਕ ਨੇ ਇਤਲਾਹ ਦਿਤੀ ਸੀ ਕਿ 27 ਅਕਤੂਬਰ 1866 ਨੂੰ ਗੁਰੂ ਸਾਹਿਬ ਨੇ ਸਿਆਲਕੋਟ ਵਿਚ 80,000 ਮਾਲਾ ਵੰਡੀਆਂ ਸਨ ਜੋ ਨਵੇਂ ਸਜੇ ਕੂਕਿਆਂ ਨੂੰ ਰਸਮੀ ਤੌਰ ਤੇ ਦਿਤੀਆਂ ਜਾਂਦੀਆਂ ਹੁੰਦੀਆਂ ਸਨ। ਗੁਰੂ ਸਾਹਿਬ ਦੀ ਲੋਕਪ੍ਰਿਯਤਾ ਦੇਸ਼ ਦੀਆਂ ਸਰਹਦਾਂ ਵੀ ਪਾਰ ਕਰ ਗਈ ਸੀ। ਕੈਪਟਨ ਬੇਲੀ ਨੇ ਫਰਵਰੀ 1867 ਵਿਚ ਸੂਚਨਾ ਦਿਤੀ ਸੀ ਕਿ ਕਾਬਲ ਦੇ ਇਕ ਅਮੀਰ, ਅਬਦੁਲ ਰਜ਼ਾਕ, ਨੇ ਆਪਣੇ ਦੋ ਲੜਕੇ ਕਿਸੇ ਉਦੇਸ਼ ਨਾਲ, ਖਿਆਲ ਕੀਤਾ ਜਾਂਦਾ ਹੈ ਕਿ (ਗੁਰੂ) ਰਾਮ ਸਿੰਘ ਦੇ ਅਸੂਲ ਸਿਖਣ ਲਈ, ਭੈਣੀ (ਸਾਹਿਬ) ਭੇਜੇ ਸਨ।[11] ਇਸ ਲੋਕ ਪ੍ਰਿਯਤਾ ਪਿਛੇ ਕੀਤੇ ਗਏ ਧਾਰਮਕ-ਸਮਾਜਕ ਸੁਧਾਰਾਂ ਦਾ ਹੱਥ ਵੀ ਸੀ। ਜਿਵੇਂ ਲੜਕੀਆਂ ਦਾ ਮਾਰਨਾ, ਵੇਚਣਾ, ਵਟਾ ਕਰਨਾ ਆਦਿ ਦੀ ਮਨਾਹੀ ਤੇ ਵਿਧਵਾ ਵਿਆਹ ਦੀ ਖੁਲ੍ਹ ਦੇਣੀ ਅਤੇ ਨਾਮਧਾਰੀ ਬਣਨ ਤੋਂ ਪਹਿਲਾਂ ਚੋਰੀ, ਯਾਰੀ ਆਦਿ ਸਭ ਵਿਕਾਰਾਂ ਦਾ ਤਿਆਗ ਕਰਨਾ ਆਦਿ।

ਪਹਿਲੀਆਂ ਵਿਚ ਇਹੋ ਖਿਆਲ ਕੀਤਾ ਜਾਂਦਾ ਸੀ ਕਿ ਕੂਕਾ ਲਹਿਰ ਵਿਚ ਕੇਵਲ ਕੰਮੀ-ਕਮੀਣ ਜਾਤਾਂ ਦੇ ਲੋਕ ਹੀ ਸ਼ਾਮਲ ਹੋ ਰਹੇ ਹਨ। ਮੇਜਰ ਪਰਕਿਨਜ਼ ਨੇ ਰਿਪੋਰਟ ਦਿਤੀ ਸੀ ਕਿ ਧਰਮ ਪਰਵਰਤਕ ਆਮ ਤੌਰ 'ਤੇ ਜੱਟ, ਤਰਖਾਣ, ਚਮਾਰ ਤੇ ਮਜ਼ਬੀਆਂ ਵਿਚੋਂ ਹਨ, ਖਤਰੀ ਬ੍ਰਾਹਮਣ ਤੇ ਬਾਣੀਆਂ ਵਿਚੋਂ ਬਹੁਤ ਘੱਟ।[12] ਪਰ ਇਹ ਗੱਲ ਸਚਾਈ ਤੋਂ ਕੋਹਾਂ ਦੂਰ ਸੀ। ਸਭ ਕਿਸਮਾਂ ਅਤੇ ਜਾਤਾਂ ਦੇ ਲੋਕ ਪੰਥ ਵਿਚ ਸ਼ਾਮਲ ਹੋ ਰਹੇ ਸਨ। ਇਥੋਂ ਤਕ ਕਿ ਰਾਜਾ ਸ਼ਮਸ਼ੇਰ ਸਿੰਘ ਰਾਜਾਸਾਂਸੀ ਤੇ ਮਹਾਰਾਜਾ ਪਟਿਆਲਾ ਵਲੋਂ ਕੂਕਾ ਧਰਮ ਅਪਣਾਏ ਜਾਣ ਦੀਆਂ ਅਫਵਾਹਾਂ ਵੀ ਸਨ। 'ਕੂਕਾ ਬਾਦਸ਼ਾਹ' ਸਮਝਿਆ ਜਾਣ ਵਾਲਾ ਤੇ ਮਹਾਰਾਜਾ ਪਟਿਆਲਾ ਦਾ ਸਬੰਧੀ ਸਰਦਾਰ ਮੰਗਲ ਸਿੰਘ ਬਿਸ਼ਨਪੁਰੀਆ ਕੂਕਾ ਸੂਬਾ ਸੀ। ਸਰਦਾਰ ਹੀਰਾ ਸਿੰਘ ਲਹਿਣਾ ਸਿੰਘ ਵੀ ਨਾਮਧਾਰੀ ਬਣਨ ਤੋਂ ਪਹਿਲਾਂ 'ਅਮੀਰ' ਸਰਦਾਰ ਹੁੰਦੇ ਸਨ ਤੇ ਕੂਕੇ ਬਣ ਜਾਣ ਪਿਛੋਂ ਦਰਬਾਰੀ ਨੌਕਰੀਆਂ ਛਡ ਕੇ ਆਏ ਸਨ। ਸਰਕਾਰ ਨੇ ਮੁਢ ਵਿਚ ਕੂਕਾ ਲਹਿਰ ਦਾ ਕੋਈ ਗਹੁ ਨਹੀਂ ਸੀ ਕੀਤਾ ਪਰ ਛੇਤੀ ਹੀ ਉਹ ਆਪਣੀ ਮੂਰਖਤਾ ਅਨੁਭਵ ਕਰਨ ਲਗ ਪਈ।

ਅਜੇਹੀ ਜਥੇਬੰਦੀ ਲਈ ਬਰਤਾਨਵੀ ਸਰਕਾਰ ਵਰਗੀ ਸ਼ਕਤੀਸ਼ਾਲੀ ਤਾਕਤ ਨੂੰ ਵੰਗਾਰਨਾ ਬਿਲਕੁਲ ਅਸੰਭਵ ਸੀ। ਆਪਣੇ ਉਦੇਸ਼ ਦੀ ਸਫਲਤਾ ਲਈ ਗੁਰੂ ਰਾਮ ਸਿੰਘ ਜੀ ਨੇ ਅਹਿੰਸਾ ਤੇ ਅਸਹਿਯੋਗ ਦੇ ਹਥਿਆਰ ਅਪਣਾਏ। ਕੂਕਿਆਂ ਨੇ ਬਰਤਾਨਵੀ ਰੇਲ, ਕਚਹਿਰੀਆਂ, ਵਿਦਿਅਕ ਪ੍ਰਣਾਲੀ, ਨਹਿਰਾਂ, ਡਾਕਘਰਾਂ, ਤੇ ਹਰ ਤਰ੍ਹਾਂ ਦੇ ਬਰਤਾਨਵੀ ਮਾਲ ਦੀ ਵਰਤੋਂ ਕਰਨ ਤੋਂ ਸਖਤੀ ਨਾਲ ਪਰਹੇਜ਼ ਕੀਤਾ। ਬਰਤਾਨਵੀ ਆਰਥਕਤਾ ਨੂੰ ਮਾਰੂ ਢਾਹ ਲਾਉਣ ਵਿਚ ਇਹ ਹਥਿਆਰ ਬਹੁਤ

ਪ੍ਰਭਾਵਸ਼ਾਲੀ ਸਿਧ ਹੋਏ। ਉਨ੍ਹਾਂ ਨੇ ਆਪਣੀ ਹੀ ਡਾਕ ਸੇਵਾ ਦੀ ਕਾਢ ਵੀ ਕਢ ਲਈ ਸੀ ਜਿਸ ਨੂੰ 'ਕੂਕਾ ਡਾਕ ਸੇਵਾ' ਕਿਹਾ ਜਾਂਦਾ ਸੀ ਤੇ ਜਿਸ ਨੂੰ ਇੰਨੇ ਸੁਚਜੇ ਢੰਗ ਨਾਲ ਸੰਗਠਤ ਕੀਤਾ ਗਿਆ ਸੀ ਕਿ ਬਰਤਾਨਵੀ ਲੋਕ ਵੀ ਇਸ ਦੀ ਸ਼ਲਾਘਾ ਕਰਨ ਲਈ ਮਜ਼ਬੂਰ ਸਨ। "ਕੂਕਿਆਂ ਜਾਂ ਸੰਤ ਖਾਲਸਿਆਂ ਦਾ, ਜਿਵੇਂ ਉਨ੍ਹਾਂ ਨੂੰ ਕਈ ਵਾਰ ਕਿਹਾ ਜਾਂਦਾ ਹੈ, ਆਪਸ ਦੀ ਡਾਕ ਦਾ ਆਪਣਾ ਹੀ ਨਿਜੀ ਪ੍ਰਬੰਧ ਹੈ ਜੋ ਬਹੁਤ ਹੀ ਸ਼ਲਾਘਾਯੋਗ ਯੁਕਤੀ ਨਾਲ ਸੰਗਠਤ ਕੀਤਾ ਹੋਇਆ ਹੈ। ਖੁਫ਼ੀਆ ਹੁਕਮ ਜਾਂ ਹਦਾਇਤਾਂ ਉਸੇ ਤਰ੍ਹਾਂ ਚੁਵੇਰੇ ਭੇਜੀਆਂ ਜਾਂਦੀਆਂ ਹਨ ਜਿਸ ਤਰ੍ਹਾਂ ਪੁਰਾਣੇ ਸਮਿਆਂ ਵਿਚ ਸਕਾਟਲੈਂਡ ਦੇ ਲੋਕੀਂ ਭੇਜਿਆ ਕਰਦੇ ਸਨ। ਇਕ ਪਿੰਡ ਵਾਲਾ ਕੂਕਾ, ਦੂਸਰੇ ਕੂਕੇ ਦੇ ਸੰਦੇਸ਼ ਜਾਂ ਚਿੱਠੀ ਉਸ ਪਿੰਡ ਵਿਚ ਲਿਆਉਂਦੇ ਸਾਰ ਹੀ ਸਭ ਕੰਮ ਕਾਰ ਵਿਚ ਛਡ ਕੇ ਇਕ ਦਮ ਦੂਸਰੇ ਨਿਯਤ ਹਰਕਾਰੇ ਵਲ ਜਾਂ ਆਪ ਹੀ ਦੂਸਰੀ ਮੰਜ਼ਲ ਵਲ ਨੂੰ ਦੌੜ ਪੈਂਦਾ ਹੈ। ਜੇ ਰੋਟੀ ਖਾਂਦਾ ਹੋਵੇ ਤਾਂ ਦੂਜੀ ਗਰਾਹੀ ਨਹੀਂ ਪਾਉਂਦਾ। ਨਾ ਹੀ ਪਹਿਲੇ ਹਰਕਾਰੇ ਤੋਂ ਕੋਈ ਸੁਆਲ ਪੁਛਦਾ ਹੈ। ਜ਼ਰੂਰੀ ਆਦੇਸ਼ ਕਾਗਜ਼ 'ਤੇ ਲਿਖ ਕੇ ਚਿੱਠੀ ਦੀ ਸ਼ਕਲ ਵਿਚ ਨਹੀਂ ਸਗੋਂ ਸੰਦੇਸ਼ ਰਾਹੀਂ ਜ਼ਬਾਨੀ ਭੇਜੇ ਜਾਂਦੇ ਸਨ।"[13] ਗੁਲਾਮ ਭੀਖ ਨੇ ਇਸ ਰਿਪੋਰਟ ਦੀ ਪ੍ਰੋੜ੍ਹਤਾ ਆਪਣੇ ਸ਼ਬਦਾਂ ਵਿਚ ਕੀਤੀ ਹੈ।[14] ਇਸ ਕੰਮ ਲਈ ਕੂਕੇ ਆਮ ਵਰਤੋਂ ਵਾਲੀਆਂ ਸੜਕਾਂ ਦਾ ਪ੍ਰਯੋਗ ਨਹੀਂ ਸਨ ਕਰਦੇ ਸਗੋਂ ਆਪਣੇ ਵਖਰੇ ਰਸਤੇ ਚੁਣਦੇ ਸਨ। ਸਪਸ਼ਟ ਹੀ ਹੈ ਕਿ ਇਸ ਪ੍ਰਣਾਲੀ ਰਾਹੀਂ ਉਨ੍ਹਾਂ ਨੂੰ ਦੋਹਰਾ ਲਾਭ ਪਹੁੰਚਦਾ ਸੀ। ਇਕ ਤਾਂ ਉਹ ਆਪਣੇ ਸੰਦੇਸ਼ਾਂ ਦੀ ਸਰਕਾਰੀ ਨਿਗਰਾਨੀ ਤੋਂ ਬਚੇ ਰਹਿੰਦੇ ਸਨ ਤੇ ਦੂਜੇ ਉਹ ਸਹੀ ਟਿਕਾਣੇ 'ਤੇ ਫੁਰਤੀ ਨਾਲ ਸੰਦੇਸ਼ ਪਹੁੰਚਾ ਦਿੰਦੇ ਸਨ।

ਉਹ ਨਵੀਂ ਸਥਾਪਤ ਕਾਨੂੰਨ ਪ੍ਰਣਾਲੀ ਨੂੰ ਵੀ ਘਿਰਣਾ ਕਰਦੇ ਸਨ ਕਿਉਂਕਿ ਇਹ ਬਹੁਤੀ ਦੂਭਰ ਤੇ ਖਰਚੀਲੀ ਸੀ ਤੇ ਭਾਰਤੀ ਜੀਵਨ ਪੱਧਤੀ ਦੇ ਪ੍ਰਤਿਕੂਲ ਵੀ। ਇਸ ਕਰਕੇ ਉਨ੍ਹਾਂ ਨੂੰ ਆਪਣੇ ਨਿਜੀ ਝਗੜੇ ਆਪਣੀਆਂ ਸਮਾਜਕ ਜਾਂ ਪੇਂਡੂ ਪੰਚਾਇਤਾਂ ਵਿਚ ਨਜਿੱਠਣ ਦੇ ਆਦੇਸ਼ ਦਿਤੇ ਗਏ ਸਨ। ਪਹਿਲੀਆਂ ਵਿਚ, ਗੁਰੂ ਰਾਮ ਸਿੰਘ ਜੀ ਆਪ ਅਦਾਲਤ ਲਾਇਆ ਕਰਦੇ ਸਨ। "ਲੋੜ ਵੇਲੇ ਉਹ ਆਪਣੇ ਦੀਵਾਨ ਖਾਨੇ ਵਿਚ ਆਉਂਦੇ ਹਨ ਤੇ ਇਜਲਾਸ ਲਾਉਂਦੇ ਹਨ। ਕੂਕਿਆਂ ਦੇ ਮਾਮਲੇ ਪੇਸ਼ ਕੀਤੇ ਜਾਂਦੇ ਹਨ। ਇਨ੍ਹਾਂ ਲੋਕਾਂ ਦੇ ਮੁਕੱਦਮੇ ਕਦੇ ਵੀ ਕਚਹਿਰੀਆਂ ਵਿਚ ਨਹੀਂ ਲਿਜਾਏ ਜਾਂਦੇ ਪਰ ਜੇ ਕਦੇ ਕੋਈ ਮੁਕਦਮਾ ਸਰਕਾਰੀ ਅਦਾਲਤ ਵਿਚ ਚਲਾ ਜਾਵੇ ਤਾਂ (ਭਾਈ ਸਾਹਿਬ) ਬਹੁਤ ਨਾਰਾਜ਼ ਹੁੰਦੇ ਹਨ," ਇਕ ਅਖਬਾਰੀ ਰਿਪੋਰਟ ਸੀ।[15] ਪਿਛੋਂ ਜਾ ਕੇ ਇਹ ਜ਼ਿੰਮੇਵਾਰੀ ਸੂਬਿਆਂ ਨੂੰ ਸੌਂਪ ਦਿਤੀ ਗਈ ਸੀ ਜਿਨ੍ਹਾਂ ਵਿਚੋਂ ਕਈ ਕੇਵਲ ਇਸੇ ਕਰਕੇ ਹੀ ਸਰਕਾਰ ਦੀਆਂ ਅੱਖਾਂ ਦੇ-ਰੋੜ ਬਣੇ ਸਨ।

ਅਜਿਹੀਆਂ ਪ੍ਰਸਥਿਤੀਆਂ ਵਿਚ ਅਜਿਹਾ ਕਾਰਜ ਇਕੱਲਿਆਂ ਨੇਪਰੇ ਨਹੀਂ ਸੀ ਚਾੜ੍ਹਿਆ ਜਾ ਸਕਦਾ। ਗੁਰੂ ਰਾਮ ਸਿੰਘ ਨੇ ਆਪਣੇ ਨਾਲ ਰਲਦੀ ਸੋਚ ਵਾਲੀਆਂ ਗੁਆਂਢੀ ਰਿਆਸਤਾਂ ਨਾਲ ਦੋਸਤੀ ਤੇ ਮੇਲ ਮਿਲਾਪ ਦੀ ਗੱਲ ਸੋਚੀ। ਕੂਕੇ ਕਸ਼ਮੀਰ ਫੌਜ ਵਿਚ ਆਪਣੀ ਵਖਰੀ ਰਜਮੈਂਟ ਖੜ੍ਹੀ ਕਰਨ ਵਿਚ, ਤੇ ਉਹ ਵੀ ਸਰਕਾਰ ਦੀ ਕਿਸੇ ਸੂਚਨਾ ਬਿਨਾਂ, ਸਫਲ ਹੋ ਗਏ। ਕਿਸ਼ਨ ਸਿੰਘ ਗੁੰਬਗੜ੍ਹ ਦੇ ਰਾਜਾ ਸਿੰਘ ਤਰਾਂਡੀਵਾਲਾ, ਰਾਜਾ ਗੁਲਾਬ ਸਿੰਘ ਦੇ ਗੁਰੂ ਵੇਦਾਂਤੀ ਜੀ ਨੂੰ, ਜਿਹੜੇ ਕਸ਼ਮੀਰ ਵਿਚ ਬਰਤਾਨਵੀ ਅਸਰ ਰਸੂਖ ਦੇ ਵਿਰੁਧ ਸਨ, ਨੂੰ ਅਕਸਰ ਮਿਲਦੇ ਰਹਿੰਦੇ ਸਨ। ਵੇਦਾਂਤੀ ਜੀ ਨੇ ਉਨ੍ਹਾਂ ਦੀ

Namdhari Elibrary NamdhariElibrary@gmail.com

ਮਦਦ ਕੀਤੀ । ਇਸ ਦੇ ਫਲਸਰੂਪ, ਸਰਦਾਰ ਹੀਰਾ ਸਿੰਘ ਵਢੌਰੇ ਵਾਲਾ ਕਰੀਬ 30 ਨਾਮਧਾਰੀ ਲੈ ਕੇ ਕਸ਼ਮੀਰ ਪੁਜਾ ਤੇ ਉਥੇ ਇਕ ਕੂਕਾ ਰਜਮੈਂਟ ਖੜ੍ਹੀ ਕਰ ਲਈ ਜਿਸ ਵਿਚ ਭਰਤੀ ਹਰਕੇ ਫੌਜੀ ਨੂੰ ਦੂਜੇ ਫੌਜੀਆਂ ਨਾਲੋਂ ਇਕ ਚਿਲਕੀ ਰੁਪਿਆ ਵਧ ਤਨਖਾਹ ਦਿਤੀ ਜਾਂਦੀ ਸੀ । ਸਰਕਾਰ ਨੂੰ ਇਸ ਦੀ ਭਿਣਕ ਰਜਮੈਂਟ ਖੜ੍ਹੀ ਹੋਣ ਤੋਂ ਇਕ ਸਾਲ ਪਿਛੋਂ ਪਈ। ਉਸ ਵਲੋਂ ਫੁਰਤੀ ਨਾਲ ਇਕ ਉਪ ਪੁਲਸ ਕਪਤਾਨ ਕਸ਼ਮੀਰ ਵਿਚੋਂ ਸਚਾਈ ਦਾ ਪਤਾ ਕਰਨ ਲਈ ਭੇਜਿਆ ਗਿਆ ਜਿਸ ਨੇ ਰੈਜਮੈਂਟ ਖੜ੍ਹੀ ਹੋਣ ਦੀ ਰਿਪੋਰਟ ਦੀ ਪੁਸ਼ਟੀ ਕਰ ਦਿਤੀ ।[16]

ਸਰਕਾਰ ਹੁਣ ਤਕ ਕਿਆਸਾਂ ਦੇ ਭੰਬਲਭੂਸੇ ਪਈ ਰਹੀ ਜਾਪਦੀ ਸੀ । ਗਵਰਨਰ ਜਨਰਲ ਦੀ ਕੌਂਸਲ ਦੇ ਇਕ ਮੈਂਬਰ ਨੇ ਸਰਕਾਰ ਦਾ ਧਿਆਨ ਕਸ਼ਮੀਰ ਸੰਧੀ 1846 ਵੱਲ ਦੁਆਇਆ ਜਿਸ ਵਿਚ ਮਹਾਰਾਜੇ ਨੇ "ਆਪਣੇ ਕੋਲ ਕਿਸੇ ਬਰਤਾਨਵੀ ਸ਼ਹਿਰੀ ਨੂੰ ਜਾਂ ਯੂਰਪੀਨ ਜਾਂ ਅਮਰੀਕਨ ਰਿਆਸਤਾਂ ਦੇ ਸ਼ਹਿਰੀ ਨੂੰ, ਬਰਤਾਨਵੀ ਸਰਕਾਰ ਦੀ ਪ੍ਰਵਾਨਗੀ ਬਿਨਾਂ ਨੌਕਰੀ ਨਾ ਦੇਣ ਦਾ ਇਕਰਾਰ ਕੀਤਾ ਸੀ ।"[17] ਬਹੁਤੀ ਪ੍ਰੇਸ਼ਾਨੀ ਵਾਲੀ ਗੱਲ ਤਾਂ ਇਹ ਸੀ ਕਿ "ਸਾਡੀ ਸਲਤਨਤ ਵਿਚ 200 ਕੂਕਾ ਭਰਤੀ ਹੋ ਜਾਵੇ ਤੇ ਸਾਨੂੰ ਖਬਰ ਤਕ ਨਾ ਹੋਵੇ ।"[18]

ਸਰਦਾਰ ਹੀਰਾ ਸਿੰਘ ਇਸ ਰਜਮੈਂਟ ਦਾ ਕੁਮੇਦਾਨ ਸੀ ਤੇ ਤਾਰਾ ਸਿੰਘ ਅਜੀਟਨ ਸਾਹਿਬ । ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਸਰਦਾਰ ਹੀਰਾ ਸਿੰਘ ਪੰਜਾਬ ਆ ਗਿਆ ਤਦ ਉਸ ਦੀ ਗੈਰਹਾਜ਼ਰੀ ਦਾ ਲਾਹਾ ਲੈਂਦਿਆਂ ਦੀਵਾਨ ਕਿਰਪਾ ਰਾਮ ਨੇ ਮਹਾਰਾਜੇ ਦੇ ਕੰਨੀ ਇਹ ਗੱਲ ਪਾਈ ਕਿ 'ਉਸ ਪੰਥ ਦੇ ਇਨ੍ਹਾਂ ਲੋਕਾਂ ਨੂੰ ਨੌਕਰੀ ਦੇਣ ਨਾਲ ਕੋਈ ਮਨੋਰਥ ਤਾਂ ਪੂਰਾ ਹੋਇਆ ਨਹੀਂ ਜਿਹਦੇ ਅਸੂਲ ਹਿੰਦੂ ਧਰਮ ਦੇ ਵਿਰੁਧ ਹਨ ।' ਇਸ ਲਈ ਇਹ ਬੰਦੇ ਨੌਕਰੀ ਤੋਂ ਖਾਰਜ ਕਰ ਦਿਤੇ ਗਏ । ਦੀਵਾਨ ਕਿਰਪਾ ਰਾਮ ਦੀ ਅੰਗਰੇਜ਼ ਭਗਤੀ ਨੇ ਬਣਿਆ ਬਣਾਇਆ ਕੰਮ ਵਿਗਾੜ ਦਿਤਾ ।[19]

ਨੇਪਾਲ ਦਾ ਰਾਣਾ ਕ੍ਰਾਂਤੀਕਾਰੀਆਂ ਪ੍ਰਤੀ ਨਰਮ ਸਮਝਿਆ ਜਾਂਦਾ ਸੀ । ਉਹਨੇ ਰਾਣੀ ਜਿੰਦਾਂ ਨੂੰ ਵੀ ਪਨਾਹ ਦਿਤੀ ਸੀ ਜਦੋਂ ਉਹ ਚੁਨਾਰ ਦੇ ਕਿਲ੍ਹੇ ਵਿਚੋਂ ਭੱਜ ਕੇ ਅਪ੍ਰੈਲ 1849 ਵਿਚ ਨੇਪਾਲ ਪੁਜੀ ਸੀ । 1857 ਪਿਛੋਂ ਵੀ ਕਈ ਕ੍ਰਾਂਤੀਕਾਰੀਆਂ ਨੇ ਨੇਪਾਲ ਨੂੰ ਸੇਧਾਂ ਕੀਤੀਆਂ ਸਨ । ਨੇਪਾਲ ਸਰਕਾਰ ਦੀ ਨੌਕਰੀ ਵਿਚ ਪਹਿਲਾਂ ਹੀ ਕੁਝ ਸਿੱਖ ਮੌਜੂਦ ਸਨ । ਨਿਹਾਲ ਸਿੰਘ ਤੇ ਆਸਾ ਸਿੰਘ ਦੋਵੇਂ ਹੀ ਰਾਣਾ ਜੰਗ ਬਹਾਦਰ ਦੇ ਨਿਜੀ ਸੇਵਾਦਾਰਾਂ ਵਿਚ ਸਨ । ਉਹ ਪਹਿਲਾਂ ਕੂਕੇ ਨਹੀਂ ਸਨ ਪਰ ਕਿਸ਼ਨ ਸਿੰਘ ਨਾਮਧਾਰੀ ਦੇ ਪਰਚਾਰ ਸਦਕਾ ਉਹ ਪ੍ਰਭਾਵਤ ਹੋ ਗਏ ਸਨ ।[20] ਪੰਜਾਬ ਵਿੱਚ ਕੂਕਿਆਂ ਦੀ ਗਿਣਤੀ ਅਤੇ ਸ਼ਕਤੀ ਤੋਂ ਰਾਣਾ ਜੰਗ ਬਹਾਦਰ ਵੀ ਬਹੁਤ ਪ੍ਰਭਾਵਤ ਸੀ । ਗੁਰੂ ਰਾਮ ਸਿੰਘ ਨੇ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਨ੍ਹ ਸਿੰਘ ਨੂੰ ਦੋ ਮਝਾਂ ਤੇ ਦੋ ਖਚਰਾਂ ਰਾਣੇ ਲਈ ਤੁਹਫੇ ਵਜੋਂ ਦੇ ਕੇ ਭੇਜਿਆ ।[21] ਰਾਣੇ ਨੇ "ਏਲਚੀਆਂ ਨੂੰ ਬੜੇ ਆਦਰ ਭਾਉ ਤੇ ਲਿਹਾਜ਼ ਨਾਲ ਜੀਉ ਆਇਆਂ ਆਖਿਆ, ਨੇਪਾਲ ਵਿਚ ਨੌਕਰੀ ਕਰ ਰਹੇ ਸਿੱਖ ਫੌਜੀਆਂ ਦੀ ਧਾਰਮਕ ਸਿੱਖਿਆ ਲਈ ਇਕ ਗ੍ਰੰਥ (ਸਾਹਿਬ) ਤੇ ਇਕ ਗ੍ਰੰਥੀ ਜਾਂ ਪਾਠੀ ਤੇ ਵਿਆਖਿਆਕਾਰ ਦਾ ਪ੍ਰਬੰਧ ਕੀਤਾ ਹੈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਉਕਤ ਸਿੱਖਾਂ ਵਿਚੋਂ ਬਹੁਤੇ ਸਾਰੇ ਕੂਕੇ ਬਣ ਗਏ ਹਨ, ਅਤੇ ਮਹਾਰਾਜਾ ਨੇਪਾਲ ਨੇ

Namdhari Elibrary NamdhariElibrary@gmail.com

ਮੋਤੀਆਂ ਦੀ ਇਕ ਮਾਲਾ, ਇਕ ਘੋੜਾ, 5000 ਰੁਪਏ ਨਕਦ ਤੇ ਕਿੰਨੀਆਂ ਸਾਰੀਆਂ ਨਿੱਕੀਆਂ ਮੋਟੀਆਂ ਵਸਤਾਂ ਭੇਟਾ ਵਜੋਂ ਗੁਰੂ ਰਾਮ ਸਿੰਘ ਨੂੰ ਭੇਜੀਆਂ ਹਨ ਤੇ ਨਾਲ ਹੀ ਇਹ ਸੂਚਨਾ ਵੀ ਕਿ ਉਹ ਗੁਰੂ ਸਾਹਿਬ ਪ੍ਰਤੀ ਬਹੁਤ ਸ਼ਰਧਾ ਭਾਵਨਾ ਰਖਦਾ ਹੈ।"[22] ਗੁਜਰਾਂਵਾਲੇ ਦੇ ਉਪ ਪੁਲਸ ਕਪਤਾਨ ਦੀ ਰਾਇ ਸੀ।

ਕੂਕੇ ਏਲਚੀਆਂ ਨਾਲ ਰਾਣੇ ਨੇ ਕੂਕਾ ਲਹਿਰ ਦੇ ਵੱਖ ਵੱਖ ਪੱਖਾਂ ਬਾਰੇ ਬਹੁਤ ਵਿਸਤਰਿਤ ਚਰਚਾ ਕੀਤੀ। ਸਰਕਾਰ ਨੇ ਨੇਪਾਲ ਵਿਚ ਸਥਿਤ ਬਰਤਾਨਵੀ ਰੈਜ਼ੀਡੈਂਟ ਨੂੰ ਲਿਖਿਆ ਕਿ ਉਹ ਰਾਣੇ ਕੋਲੋਂ ਕੂਕਿਆਂ ਦੀ ਨੇਪਾਲ ਯਾਤਰਾ ਦੇ ਮਨੋਰਥ ਸਬੰਧੀ ਸੂਹ ਕੱਢੇ। ਰਾਣਾ ਜੰਗ ਬਹਾਦਰ ਨੇ ਰੈਜ਼ੀਡੈਂਟ ਨੂੰ ਸਾਰੀ ਗੱਲਬਾਤ ਦੱਸ ਦਿਤੀ ਤੇ ਨਾਲ ਹੀ ਸਰਕਾਰ ਨੂੰ ਔਖਿਆਂ ਕਰਨ ਵਾਲੀ ਇਹ ਗੱਲ ਵੀ ਆਖੀ ਕਿ "ਜੇ ਚੰਗਾ ਧਿਆਨ ਨਾ ਰਖਿਆ ਗਿਆ ਤਾਂ ਕੂਕੇ ਸ਼ਾਇਦ ਬਰਤਾਨਵੀ ਸਰਕਾਰ ਲਈ ਬਿਪਤਾ ਦਾ ਸ੍ਰੋਤ ਸਿਧ ਹੋ ਸਕਦੇ ਹਨ।"[23] ਰਾਣੇ ਨੇ ਪੰਜਾਬ ਵਿਚ ਕੂਕਿਆਂ ਦੀ ਗਿਣਤੀ 300,000 ਦੱਸੀ ਸੀ।[24]

ਕੂਕਿਆਂ ਨੇ ਰੂਸ ਨਾਲ ਵੀ ਸਬੰਧ ਜੋੜੇ। 75 ਸਾਲਾ ਸੂਬਾ ਗੁਰਚਰਨ ਸਿੰਘ, ਰਾਜਸੀ ਗੋਂਦਾਂ ਗੁੰਦਣ ਦਾ ਅਨੁਭਵੀ, ਰੂਸ ਦੇ ਸਫ਼ਰ 'ਤੇ ਜਾਂਦਾ ਹੁੰਦਾ ਸੀ। ਅੱਜ ਕੱਲ੍ਹ ਉਸ ਨੂੰ ਰਾਸ ਬਿਹਾਰੀ ਤੋਂ ਲੈ ਕੇ ਸੁਭਾਸ਼ ਤਕ ਅਨੇਕ ਕ੍ਰਾਂਤੀਕਾਰੀਆਂ ਦਾ ਅਗਰਗਾਮੀ ਮੰਨਿਆ ਜਾਂਦਾ ਹੈ। ਲੈਫਟੀਨੈਂਟ ਗਵਰਨਰ ਪੰਜਾਬ ਉਸ ਨੂੰ ਇਕ ਕੂਕਾ ਹੋਣ ਦੇ ਨਾਤੇ ਇੰਨਾਂ ਖਤਰਨਾਕ ਨਹੀਂ ਸੀ ਸਮਝਦਾ ਜਿੰਨਾਂ ਕੇਂਦਰੀ ਏਸ਼ੀਆ ਤੋਂ ਇਕ ਏਲਚੀ ਹੋਣ ਕਾਰਨ, ਜਿਹੜਾ ਕੂਕਾ ਆਗੂਆਂ ਵਿਚ ਵਿਅਰਥ ਦੀਆਂ ਆਸਾਂ-ਉਮੀਦਾਂ ਨੂੰ ਭੜਕਾ ਰਿਹਾ ਸੀ।"[25]

ਭਾਵੇਂ ਕੂਕਿਆਂ ਨੂੰ ਆਪਣੇ ਰਾਜਸੀ ਉਦੇਸ਼ ਨੂੰ ਗੁਪਤ ਰਖਣ ਦਾ ਯਤਨ ਕੀਤਾ ਹੀ ਸੀ ਫਿਰ ਵੀ ਸੂਝਵਾਨ ਅਫਸਰਾਂ ਵਿਚੋਂ ਕੁਝ ਨੇ ਮੁਢ ਤੋਂ ਹੀ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਸ਼ਕ ਕਰਨਾ ਆਰੰਭ ਦਿਤਾ ਸੀ। ਕਰਨਲ ਆਰ.ਜੀ. ਟੇਲਰ ਨੇ 1863 ਵਿਚ ਹੀ ਇਹ ਟਿੱਪਣੀ ਕੀਤੀ ਸੀ ਕਿ "ਮੇਰਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਉਹ ਲੋਕ ਛੇਤੀ ਜਾਂ ਚਿਰਕੇ ਯੁਧ ਜ਼ਰੂਰ ਛੇੜਨਗੇ।" ਉਹਨੇ "ਇਨ੍ਹਾਂ ਨਾਲ ਅਗਾਊਂ ਨਜਿੱਠਣ ਲਈ" ਆਪਣੀ ਸਰਕਾਰ ਨੂੰ ਪੂਰਵ ਚਿਤਾਵਨੀ ਦਿਤੀ ਸੀ। "ਉਸ ਦੇ ਸੁਧਾਰਾਂ ਦਾ ਸਾਰਾ ਵਹਿਣ ਸਪਸ਼ਟ ਤੌਰ 'ਤੇ ਰਾਜਸੀ ਉਦੇਸ਼ਾਂ ਦੇ ਦ੍ਰਿਸ਼ਟੀਕੋਣ ਤੋਂ ਸਿੱਖ ਮਤ ਦੀ ਸਾਰੀ ਸ਼ਕਤੀ ਨੂੰ ਇਕੱਠਿਆਂ ਕਰਨਾ ਹੈ। ਮੈਂ ਇਹ ਸੰਭਵ ਖਿਆਲ ਕਰਦਾ ਹਾਂ ਕਿ ਇਹ ਮਨੋਬ੍ਰਿਤੀ ਮੁਢ ਵਿਚ ਨਹੀਂ ਸੀ ਪਰ ਮੇਰਾ ਪੂਰਾ ਵਿਸ਼ਵਾਸ ਹੈ ਕਿ ਸਿੱਟਾ ਇਹੋ ਹੈ। ਮੇਰਾ ਇਹ ਵੀ ਵਿਚਾਰ ਹੈ ਕਿ ਜੁਝਾਰੂ ਜਾਤੀ ਵਿਚ ਕਿਸੇ ਵੀ ਧਾਰਮਕ ਪੁਨਰਜਾਗ੍ਰਿਤੀ ਦਾ ਇਹ ਸੁਭਾਵਕ ਸਿੱਟਾ ਹੁੰਦਾ ਹੈ ਜੋ ਆਪਣੀ ਅਤੀ ਪਿਆਰੀ ਧਰਤੀ ਨੂੰ ਮੁੜ੍ਹ ਪ੍ਰਾਪਤ ਕਰਨ ਅਤੇ ਆਪਣੇ ਪੰਥ ਦੀ ਸ਼ਾਨ ਦੀ ਪੁਨਰਸਥਾਪਤੀ ਲਈ ਲੋਚਦੀ ਹੈ।"[25] ਅਤੇ ਇਹ ਸੱਚਾਈ ਸੀ।

ਇਸ ਲਹਿਰ ਦੇ ਰਾਜਨੀਤਕ ਝੁਕਾਵਾਂ ਬਾਰੇ ਟਿਪਣੀ ਕਰਦਿਆਂ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਵੀ ਇਹ ਵਿਚਾਰ ਪ੍ਰਗਟਾਇਆ ਸੀ ਕਿ "ਕੂਕਾ ਸਿਧਾਂਤ ਦਾ ਮੂਲ ਝੁਕਾਉ ਜੋ ਮਰਜ਼ੀ ਰਿਹਾ ਹੋਵੇ, ਹੁਣ ਉਹ ਆਗੂਆਂ ਦੀਆਂ ਗੋਂਦਾਂ, ਜਿਵੇਂ ਉਨ੍ਹਾਂ ਦੇ ਚੇਲਿਆਂ ਵਲੋਂ ਥੋੜ੍ਹੀਆਂ ਬਹੁਤ

ਸਮਝੀਆਂ ਜਾਂਦੀਆਂ ਹਨ, ਪੰਜਾਬ ਵਿਚ ਸਿੱਖ ਰਾਜ ਦੀ ਪੁਨਰਸਥਾਪਨਾ ਦਾ ਯਤਨ ਹੋਣ ਕਾਰਨ, ਰਾਜਸੀ ਚਰਿਤ੍ਰ ਧਾਰਨ ਗਏ ਹਨ। ਇਸ ਤੋਂ ਵੀ ਵਧ, ਵਫਾਦਾਰ ਤੇ ਸੂਝਵਾਨ ਦੇਸੀ ਲੋਕ ਇਸ ਗੱਲੋਂ ਸਰਬਸੰਮਤ ਹਨ ਕਿ ਕੂਕਿਆਂ ਦੇ ਆਪਣੇ ਵਿਵਹਾਰ ਅਤੇ ਤੌਰ ਤਰੀਕਿਆਂ ਅਤੇ ਉਸ ਸਮੇਂ ਦੇ ਨੇੜ ਢੁਕਾਉ ਬਾਰੇ ਉਨ੍ਹਾਂ ਵਿਚਕਾਰ ਪ੍ਰਚਲਤ ਭਵਿੱਖ ਬਾਣੀਆਂ, ਜਦੋਂ ਦੇਸ਼ ਵਿਚੋਂ ਅੰਗਰੇਜ਼ ਕਢ ਦਿਤੇ ਜਾਣਗੇ ਅਤੇ ਗੁਰੂ ਰਾਮ ਸਿੰਘ ਦੇ ਸਿੱਖ ਧਰਤੀ ਅਤੇ ਸੰਨਮਾਨ ਦੇ ਮਾਲਕ ਹੋਣਗੇ, ਦੇ ਕਾਰਨ ਕੂਕਾ ਲਹਿਰ ਅਜਿਹੀ ਹੈ ਜਿਸ ਨਾਲ ਸਰਕਾਰ ਨੂੰ ਅਲਗਰਜ਼ੀ ਨਾਲ ਨਹੀਂ ਨਜਿਠਣਾ ਚਾਹੀਦਾ।"[26]

ਅਜਿਹੇ ਅਫਸਰ ਗੁਰੂ ਨਾਨਕ ਨੂੰ ਅਮਨ ਪਸੰਦ ਲੋਕਾਂ ਦਾ ਪ੍ਰਤੀਨਿਧ ਸਮਝਦੇ ਸਨ ਜਦ ਕਿ ਗੁਰੂ ਗੋਬਿੰਦ ਸਿੰਘ ਜੁਝਾਰੂਆਂ ਦੇ ਪ੍ਰਤੀਕ ਸਮਝੇ ਜਾਂਦੇ ਸਨ। ਅੰਬਾਲਾ ਡਵੀਜ਼ਨ ਦੇ ਕਮਿਸ਼ਨਰ ਮੈਕਨਬ ਨੇ ਕੂਕਾ ਆਗੂ ਨੂੰ ਉਸੇ ਦ੍ਰਿਸ਼ਟੀਕੋਣ ਤੋਂ ਦੇਖਿਆ ਹੈ। ਉਹ ਲਿਖਦਾ ਹੈ, "ਰਾਮ ਸਿੰਘ ਨੂੰ ਸੰਤ ਗੁਰੂ ਨਾਨਕ ਦਾ ਉਤਰਾਧਿਕਾਰੀ ਜਾਂ ਸਾਕਾਰ ਰੂਪ ਵਜੋਂ ਤਕਿਆ ਜਾਂਦਾ ਸੀ, ਹੁਣ ਉਹ ਜੁਝਾਰੂ ਗੋਬਿੰਦ (ਸਿੰਘ) ਦਾ ਪ੍ਰਤੀਨਿਧ ਹੈ।"[27]

ਕਿਸੇ ਵੀ ਪ੍ਰਾਂਤ 'ਤੇ ਕਬਜ਼ਾ ਕਰਨ ਸਮੇਂ ਅੰਗਰੇਜ਼ ਅਫਸਰ ਅਜਿਹੇ ਦਾਉ ਪੇਚ ਵਰਤਦੇ ਸਨ ਜਿਨ੍ਹਾਂ ਸਦਕਾ ਸਥਾਨਕ ਲੋਕਾਂ ਦੀ ਬਹੁਸੰਮਤੀ ਨੂੰ ਉਦਾਸੀਨ ਕਰ ਲਿਆ ਜਾਂਦਾ ਸੀ ਤਾਂ ਕਿ ਸਰਗਰਮ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਘਟਾਈ ਜਾ ਸਕੇ। ਇਹੋ ਗੱਲ ਪੰਜਾਬ 'ਤੇ ਵੀ ਲਾਗੂ ਕੀਤੀ ਗਈ ਸੀ। ਬਰਤਾਨਵੀ ਲੋਕ ਪੰਜਾਬੀਆਂ ਦੀ ਵਫਾਦਾਰੀ ਬਾਰੇ ਵਿਸ਼ਵਾਸੀ ਤਾਂ ਸਨ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਨੂੰ ਜਾਂ ਤਾਂ ਸ਼ਾਂਤ ਕਰ ਲਿਆ ਸੀ ਤੇ ਜਾਂ ਭਲੇ ਬੁਰੇ ਸਾਧਨਾਂ ਨਾਲ ਆਪਣੇ ਪੱਖੀ ਬਣਾ ਲਿਆ ਸੀ ਫਿਰ ਵੀ ਉਹ ਪੰਜਾਬੀਆਂ ਦੇ ਜੁਸ਼ੀਲੇ-ਸੁਭਾਵੀ ਖਾਸੇ ਵਲੋਂ ਪੂਰੀ ਤਰ੍ਹਾਂ ਅਚੇਤ ਨਹੀਂ ਸਨ। ਪੰਜਾਬੀ ਲੋਕਾਂ ਵਿਚ ਗੌਰਵ-ਭਾਵਨਾ ਦੇ ਬਚੇ ਹੋਣ ਦੀ ਤਸੱਲੀ ਕਰਨ ਲਈ ਉਨ੍ਹਾਂ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਰਾਇਕੋਟ (ਲੁਧਿਆਣਾ) ਸਥਿਤ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਦੁਆਰੇ ਦੇ ਨਾਲ ਬੁਚੜਖਾਨੇ ਖੋਲ੍ਹ ਕੇ ਉਨ੍ਹਾਂ ਦੇ ਧਰਮ ਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਦੀ ਗੱਲ ਸੋਚੀ। ਇਹ ਬੁਚੜਖਾਨੇ ਸਰਕਾਰ ਲਈ ਸੱਤਾ ਦੇ ਪ੍ਰਤੀਕ ਸਨ ਜਦ ਕਿ ਸਿੱਖਾਂ ਲਈ ਕੌਮੀ ਮੌਤ ਦੇ ਤੁਲ ਸਨ। ਤਦ ਵੀ ਕਿਸੇ ਨੇ ਵੀ ਉਨ੍ਹਾਂ ਦੇ ਇਸ ਭੜਕਾਉ ਤੇ ਘਿਰਣਾਜਨਕ ਕਾਰਜ ਨੂੰ ਵੰਗਾਰਨ ਦਾ ਹੌਂਸਲਾ ਨਾ ਕੀਤਾ। ਸਿਰਫ ਕੂਕੇ ਹੀ ਮੈਦਾਨ ਵਿਚ ਨਿਤਰੇ।

ਉਨ੍ਹਾਂ ਨੂੰ ਬਰਤਾਨਵੀ ਲੋਕਾਂ ਦੇ ਕੱਟੜ ਦੁਸ਼ਮਣ ਸਮਝਿਆ ਜਾਂਦਾ ਸੀ। ਰਾਜਸੀ ਤੌਰ 'ਤੇ ਸੋਚੋ ਕੂਕਿਆਂ ਵਿਚ ਦੋ ਫਰਜ਼ੀ ਗੁਟ ਸਨ। ਉਨ੍ਹਾਂ ਵਿਚੋਂ ਘਟ-ਗਿਣਤੀ ਤਾਂ ਇਹ ਐਲਾਨ ਕਰ ਰਹੀ ਸੀ ਕਿ ਉਹ ਹੋਰ ਕਿਸੇ ਦੀ ਨਹੀਂ ਸਗੋਂ ਆਪਣੀ ਹੀ ਸਰਕਾਰ ਕਾਇਮ ਕਰਨਗੇ; ਜਦ ਕਿ ਦੂਸਰੇ ਸਿੱਖ ਰਾਜ ਦੀ ਪੁਨਰਸਥਾਪਨਾ ਲਈ ਜਦੋਜਹਿਦ ਕਰ ਰਹੇ ਸਨ। ਉਨ੍ਹਾਂ ਦੇ ਐਲਾਨ ਵਿਚ ਸ਼ਬਦ 'ਆਪਣੀ' ਦਾ ਭਾਵ ਜ਼ਰੂਰੀ ਤੌਰ 'ਤੇ ਖਾਲਸਾ ਸਰਕਾਰ ਨਹੀਂ ਸੀ ਸਗੋਂ ਉਹ ਗੁਰੂ ਰਾਮ ਸਿੰਘ ਦੇ ਰਾਜ ਦੇ ਆਸਵੰਦ ਵੀ ਸਨ। ਇਕ ਸਰਕਾਰੀ ਅਨੁਮਾਨ ਅਨੁਸਾਰ 'ਖਾਲਸੇ ਨੂੰ ਸਮਝ ਨਹੀਂ ਸੀ ਪੈ ਰਹੀ ਕਿ ਉਹ (ਗੁਰੂ ਰਾਮ ਸਿੰਘ) ਰਾਜ ਸੰਭਾਲਣ ਵਿਚ ਦੇਰੀ ਕਿਉਂ ਕਰ ਰਹੇ ਹਨ ?'[28]

ਆਪਣੇ ਅਸਾਧਾਰਨ ਤੌਰ 'ਤੇ ਛੋਟੇ ਸੰਘਰਸ਼-ਕਾਲ ਵਿਚ ਹੀ ਕੂਕਿਆਂ ਨੇ ਬਰਤਾਨਵੀ ਸਰਕਾਰ ਵਿਰੁਧ ਤਿੰਨ ਵਿਦਰੋਹ ਕੀਤੇ ਅਤੇ ਨਵੇਂ ਰਾਜ ਨੂੰ ਸ਼ਰੇਆਮ ਨਿੰਦਣ ਤੇ ਆਪਣੀ ਸਰਕਾਰ ਦੀ ਸਥਾਪਤੀ ਦੇ ਐਲਾਨ ਲਈ ਹਰ ਮੌਕੇ ਦਾ ਲਾਹਾ ਲਿਆ। ਉਨ੍ਹਾਂ ਨੇ ਪਹਿਲਾ ਅਜਿਹਾ ਯਤਨ 1869 ਵਿਚ ਕੀਤਾ ਜਦ ਉਨ੍ਹਾਂ ਵਿਚੋਂ, ਸਿਰਸਾ ਤੇ ਫਿਰੋਜ਼ਪੁਰ ਦੇ ਜ਼ਿਲ੍ਹਿਆਂ ਦੇ, ਖਾਸੀ ਗਿਣਤੀ ਦੇ ਬੰਦਿਆਂ ਨੇ, ਰਾਜ-ਸੱਤਾ ਨੂੰ ਵੰਗਾਰਨ ਤੋਂ ਪਹਿਲਾਂ ਜਾਂ ਉਾਂ ਆਪਣੀਆਂ ਜਾਇਦਾਦਾਂ ਵੇਚ ਦਿਤੀਆਂ ਜਾਂ ਫੂਕ ਦਿਤੀਆਂ। ਉਨ੍ਹਾਂ ਨੇ ਡਿਪਟੀ ਇਨਸਪੈਕਟਰ ਦੀਵਾਨ ਬਖਸ਼ ਅਤੇ ਉਸ ਦੇ ਸਾਥੀ ਸਿਪਾਹੀ ਸੋਤੇ ਸ਼ਾਹ 'ਤੇ ਧਾਵਾ ਬੋਲ ਦਿਤਾ, ਉਨ੍ਹਾਂ ਦੇ ਹਥਿਆਰ ਖੋਹ ਲਏ, ਥੇ ਘੋੜੇ ਨੂੰ ਵੀ ਨਾ ਬਖਸ਼ਦਿਆਂ, ਤਿੰਨਾਂ ਨੂੰ ਜ਼ਖਮੀ ਕਰ ਦਿਤਾ। ਕੂਕਿਆਂ ਦੇ ਜਥੇ ਨੇ 'ਬਹੁਤ ਬਾਗੀਆਨਾ ਬੋਲੀ ਦੀ ਵਰਤੋਂ ਕੀਤੀ ਅਤੇ ਹਕੂਮਤ ਤੋਂ ਬਾਗੀ ਹੋ ਕੇ ਖਾਲਸਾ ਰਾਜ ਦਾ ਐਲਾਨ ਕਰ ਦਿਤਾ।' ਗ੍ਰਿਫਤਾਰ ਕੀਤੇ ਗਏ 44 ਬੰਦਿਆਂ ਵਿਚੋਂ, ਜਿਨ੍ਹਾਂ ਤੇ ਫਿਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਨਾਕਸ ਦੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ, ਸਿਰਫ ਸੱਤਾ ਨੂੰ 18 ਮਹੀਨੇ ਦੀ ਬਾਮੁਸ਼ੱਕਤ ਕੈਦ ਅਤੇ ਕੇਵਲ ਦਸ ਰੁਪਏ ਜੁਰਮਾਨੇ ਦੇ ਵਿਚਕਾਰ ਵਖੋ-ਵਖ ਸਜ਼ਾਵਾਂ ਦਿਤੀਆਂ ਗਈਆਂ। ਇਸ ਯਤਨ ਨੂੰ 'ਭਾਰਤ ਛਡੋ' ਅੰਦੋਲਨ ਦੇ ਮਤੇ ਦਾ ਪੂਰਵਗਾਮੀ ਕਿਹਾ ਜਾ ਸਕਦਾ ਹੈ ਜਿਹੜਾ ਸਰਬ ਹਿੰਦ ਕਾਂਗਰਸ ਨੇ 1942 ਵਿਚ ਪਾਸ ਕੀਤਾ ਕਿਉਂਕਿ ਇਨ੍ਹਾਂ ਕੂਕਿਆਂ ਨੇ ਬਰਤਾਨਵੀ ਸਰਕਾਰ ਨੂੰ ਉਕਤ ਮਤਾ ਪਾਸ ਕੀਤੇ ਜਾਣ ਤੋਂ ਲਗਪਗ 75 ਸਾਲ ਪਹਿਲਾਂ ਹੀ ਆਪਣੇ ਦੇਸ਼ ਨੂੰ ਛੱਡਣ ਲਈ ਆਖਿਆ ਸੀ। ਉਨ੍ਹਾਂ ਦਾ ਨਾਅਰਾ ਸੀ :

*ਇਥੋਂ ਚੁਕ ਲੈ ਫਰੰਗੀਆ ਛਾਉਣੀ,*
*ਖਾਲਸੇ ਨੇ ਰਾਜ ਕਰਨਾ।*

ਇਸ ਮੁਕੱਦਮੇ ਦਾ ਦਿਲਚਸਪ ਪਹਿਲੂ ਇਹ ਹੈ ਕਿ ਲਾਹੌਰ ਦੇ ਕਮਿਸ਼ਨਰ ਕਰਨਲ ਕਰੇਕਰੌਫਟ ਨੇ ਸਰਕਾਰ ਦੀ ਪ੍ਰਵਾਨਗੀ ਨਾਲ ਇਸ ਮੁਕੱਦਮੇ ਦਾ ਰੂਪ ਹੀ ਬਦਲ ਦਿਤਾ ਸੀ। ਕੂਕਿਆਂ ਵਿਰੁਧ, ਮਲਕਾ ਵਿਰੁਧ ਜੰਗ ਛੇੜਨ ਦੇ ਦੋਸ਼ ਵਿਚ, ਜਿਵੇਂ ਕਿ ਆਮ ਹਾਲਤਾਂ ਵਿਚ ਹੋਣਾ ਸੀ, ਨਹੀਂ ਸਗੋਂ ਬਲਵੇ ਦਾ ਮੁਕੱਦਮਾ ਚਲਾਇਆ ਗਿਆ।[29] ਇਸ ਦਾ ਮੇਨ ਕਾਰਨ, ਇੰਨੇ ਥੋੜ੍ਹੇ ਵਕਫੇ ਵਿਚ ਹੀ ਵਿਦਰੋਹ ਹੋ ਜਾਣ ਨੂੰ ਸਰਕਾਰ ਵਲੋਂ ਸਮਝਿਆ ਗਿਆ ਆਪਣਾ ਅਪਮਾਨ ਹੀ ਕਿਆਸਿਆ ਜਾ ਸਕਦਾ ਹੈ।

ਦੂਜਾ ਕਦਮ ਉਠਾਇਆ ਗਿਆ ਸੀ ਕਿ ਸਰਕਾਰ ਵਲੋਂ, ਪਹਿਲਾਂ ਸੰਕੇਤ ਕੀਤੇ ਜਾ ਚੁਕੇ, ਸਿੱਖ ਧਰਮ-ਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਦੀ ਸਰਕਾਰ ਵਲੋਂ ਪਾਈ ਗਈ ਵੰਗਾਰ ਦੇ ਜੁਆਬ ਵਿਚ ਕੂਕਿਆਂ ਨੇ ਅੰਮ੍ਰਿਤਸਰ ਤੇ ਰਾਏਕੋਟ ਦੇ ਬੁਚੜਖਾਨਿਆਂ ਉਪਰ ਕ੍ਰਮਵਾਰ 14-15 ਜੂਨ ਅਤੇ 15 ਜੁਲਾਈ 1871 ਨੂੰ ਹਮਲੇ ਕੀਤੇ। ਉਨ੍ਹਾਂ ਨੇ ਬੁੱਚੜ ਵੱਢ ਕੇ ਗਊਆਂ ਨੂੰ ਮੁਕਤ ਕਰ ਦਿਤਾ ਅਤੇ ਆਪ ਹਰਨ ਹੋ ਗਏ। ਪਹਿਲੇ (ਅੰਮ੍ਰਿਤਸਰ) ਮੁਕੱਦਮੇ ਵਿਚ ਤਾਂ ਪ੍ਰਸਿਧ ਸੂਹੀਆਂ ਕ੍ਰਿਸਟੀ ਵੀ, ਅਪਣੀ ਮਹੀਨੇ ਭਰ ਦੀ ਤਸੀਹਿਆਂ ਭਰੀ ਤਫਤੀਸ਼ ਦੌਰਾਨ ਅਸਲ ਦੋਸੀਆਂ ਨੂੰ ਲਭਣ ਵਿਚ ਸਫਲ ਹੋ ਸਕਿਆ ਜਿਸ ਦਾ ਸਿੱਟਾ ਨਿਕਲਿਆ, ਝੂਠੀਆਂ ਗਵਾਹੀਆਂ ਦੇ ਆਧਾਰ 'ਤੇ ਬਾਰਾਂ ਬੇਦੋਸ਼ੇ ਹਿੰਦੂ-ਸਿੱਖਾਂ ਨੂੰ ਜ਼ਬਰਦਸਤੀ

Namdhari Elibrary NamdhariElibrary@gmail.com

ਦੋਸ਼ ਇਕਬਾਲ ਕਰਵਾ ਲੈਣ ਤੇ ਹੇਠਲੀ ਅਦਾਲਤ ਵਲੋਂ ਉਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਵਾਏ ਜਾਣ ਵਿਚ।[30]

ਆਪਣੇ ਗੁਰੂ ਦੀ ਸਿੱਖਿਆ 'ਤੇ ਅਮਲ ਕਰਦਿਆਂ ਕੂਕਿਆਂ ਨੇ ਐਨ ਮੌਕੇ ਸਿਰ ਸੈਸ਼ਨ ਦੀ ਅਦਾਲਤ ਵਿਚ ਹਾਜ਼ਰ ਹੋ ਕੇ ਆਪਣਾ ਦੋਸ਼ ਸਵੀਕਾਰ ਕਰ ਲਿਆ ਤੇ ਤੂੜੀ ਦੀਆਂ ਧੜਾਂ ਵਿਚੋਂ ਹਥਿਆਰ ਕਢ[31] ਕੇ ਸਬੂਤ ਪੇਸ਼ ਕਰਦਿਆਂ ਬੇਦੋਸ਼ਿਆਂ ਦੀ ਤੁਰਤ ਰਿਹਾਈ ਲਈ ਰਸਤਾ ਸਾਫ ਕਰ ਦਿਤਾ।[32] ਬਰਤਾਨਵੀ ਕਾਨੂੰਨ ਤੇ ਨਿਆਂ ਪ੍ਰਣਾਲੀ ਨੂੰ ਕੂਕਿਆਂ ਦੇ ਸਦਾਚਾਰ ਨੇ ਬਹੁਤ ਹਦ ਤਕ ਢਾਹ ਲਾਈ। ਅੰਮ੍ਰਿਤਸਰ ਦੇ ਮੁਕੱਦਮੇ ਵਿਚ ਤਿੰਨ ਕੂਕਿਆਂ ਨੂੰ 15 ਸਤੰਬਰ 1871 ਨੂੰ ਰਾਮ ਬਾਗ ਵਿਚ ਖੜ੍ਹੇ ਬੋਹੜ ਦੇ ਇਕ ਦਰਖਤ ਨਾਲ ਫਾਂਸੀ ਦਿਤੀ ਗਈ, ਦੋਂਹ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ ਜਦ ਕਿ ਤਿੰਨ ਭਗੌੜੇ ਕਰਾਰ ਦਿਤੇ ਗਏ।[33] ਪੰਜਾਬ ਦੇ ਲੈਫਟੀਨੈਂਟ ਗਵਰਨਰ ਜਿਹੇ ਉੱਚ ਅਧਿਕਾਰੀ ਨੇ, ਝੂਠਾ ਮੁਕੱਦਮਾ ਬਣਾ ਕੇ ਬਾਰਾਂ ਵਿਅਕਤੀਆਂ ਦੀਆਂ ਜਾਨਾਂ ਖਤਰੇ ਵਿਚ ਪਾਉਣ ਬਦਲੇ, ਅੰਮ੍ਰਿਤਸਰ ਦੀ ਪੁਲਸ ਨੂੰ ਕੋਸਿਆ ਸੀ।[34]

ਰਾਇਕੋਟ ਦੇ ਬੁਚੜਬਧ ਦੇ ਮੁਕੱਦਮੇ ਵਿਚ ਮਹਾਰਾਜਾ ਪਟਿਆਲਾ ਦੀ ਸਰਗਰਮ ਮਦਦ ਨਾਲ ਸਿੰਘ ਫੜੇ ਗਏ। ਉਨ੍ਹਾਂ ਵਿਚੋਂ ਤਿੰਨਾਂ ਨੂੰ 5 ਅਗਸਤ 1871 ਦੇ ਦਿਨ ਰਾਇਕੋਟ ਵਿਚ ਫਾਂਸੀ ਦਿਤੀ ਗਈ। ਦੋਂਹ ਨੂੰ ਉਸੇ ਸਾਲ 26 ਨਵੰਬਰ 1871 ਨੂੰ ਲੁਧਿਆਣੇ। ਇਨ੍ਹਾਂ ਵਿਚੋਂ ਇਕ ਸੂਬਾ ਗਿਆਨਾ ਸਿੰਘ ਨੂੰ ਇਸ ਮੁਕੱਦਮੇ ਵਿਚ ਰਾਜਸੀ ਕਾਰਨਾਂ ਕਰ ਕੇ ਝੂਠਾ ਹੀ ਫਸਾਇਆ ਗਿਆ ਸੀ ਜਿਹਨੇ ਫਾਂਸੀ ਚੜ੍ਹਨ ਤੋਂ ਪਹਿਲਾਂ ਸਰਕਾਰ ਨੂੰ ਵੰਗਾਰਿਆ ਤੇ ਨਿੰਦਨੀਯ ਸ਼ਬਦਾਂ ਵਿਚ ਕਿਹਾ, "ਬਿਲਿਆ, ਮੂੰਹ ਤੇ ਸਾਹਮਣੇ ਰਖ, ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਫੇਰ ਆਇਆ ਜਾਣ। ਜੁਆਨ ਹੋ ਕੇ ਬਦਲਾ ਲਵਾਂਗੇ। ਸੁਣ ਓਏ ਬਿਲਿਆ, ਤੇਰੀ ਮਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲਗੀ ਹੈ। ਮੈਨੂੰ ਮਾਰ ਕੇ ਕੋਈ ਬੰਦ ਤਾਂ ਨਹੀਂ ਹੋਏ ਜਾਣੇ ਹੈ। ਅਸੀਂ ਭੀ ਕਿਧਰੇ ਨਹੀਂ ਜਾਣਾ ਹੈ, ਕੋਈ ਮਾਉਂ ਜਣੇਗੀ, ਨਵੇਂ ਚੋਲੇ ਪਾ ਕੇ ਜੁਆਨ ਹੋਇਕੇ ਫੇਰ ਸ੍ਰੀ ਸਾਹਿਬ ਫੜਾਂਗੇ... ਤੁਸਾਂ ਦੇ ਤਹਿਤ ਨੂੰ ਉਠਾਵਾਂਗੇ, ਤੁਸਾਂ ਦੇ ਸਾਥ ਲੜਾਈ ਕਰਾਂਗੇ।"[35] "ਕਿਉਂਕਿ ਬੁਚੜਖਾਨਿਆਂ ਦੀ ਥਾਵਾਂ ਦੀ ਪ੍ਰਵਾਨਗੀ ਬਰਤਾਨਵੀ ਸਰਕਾਰ ਨੇ ਦਿਤੀ ਸੀ" ਇਸ ਲਈ ਕੂਕਿਆਂ ਵਲੋਂ ਬੁਚੜਖਾਨਿਆਂ ਉਤੇ ਕੀਤੇ ਗਏ ਹਮਲੇ "ਸਾਡੀ ਸੱਤਾ ਵਿਰੁਧ ਸਿਧੀ ਬਗਾਵਤ ਹੈ।" ਕਮਿਸ਼ਨਰ ਮੈਕਨਬ ਨੇ ਲਿਖਿਆ ਸੀ। (ਮੈਕਨਬ, ਮੀਮੋ ਆਨ ਰਾਮ ਸਿੰਘ, 4.11.1871)

ਜਨਵਰੀ 1872 ਵਿਚ ਕੂਕਿਆਂ ਵਲੋਂ ਮਲੇਰਕੋਟਲੇ ਤੇ ਕੀਤਾ ਗਿਆ ਹਮਲਾ ਤੀਜਾ ਤੇ ਵੱਡਾ ਵਿਦਰੋਹ ਸੀ ਜਿਸ ਤੋਂ ਪਹਿਲਾਂ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ, ਉਸ ਵਲੋਂ ਇਕਰਾਰ ਕੀਤੇ ਹਥਿਆਰ ਦੇਣ ਤੋਂ ਨਾਂਹ ਕਰਨ ਤੇ, ਝੜਪ ਹੋਈ। ਮਲੇਰਕੋਟਲੇ, ਗਹਿਗਚਵੀਂ ਲੜਾਈ ਹੋਈ। ਕੂਕਿਆਂ ਦਾ ਹੱਥ ਉਪਰ ਰਿਹਾ ਕਿਉਂਕਿ ਵਧੇਰੇ ਮੌਤਾਂ ਕੋਟਲੇ ਵਾਲੀ ਧਿਰ ਦੀਆਂ ਹੋਣ ਦੀ ਰਿਪੋਰਟ ਸੀ। ਇਕ ਸਮਕਾਲੀ ਅਫਗਾਨ ਇਤਿਹਾਸਕਾਰ, ਸਥਾਨਕ ਅਧਿਕਾਰੀਆਂ ਦੀ ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣ ਦੀ ਗੱਲ ਤੇ ਦੁੱਖ ਪ੍ਰਗਟਾਉਂਦਾ ਹੋਇਆ ਲਿਖਦਾ ਹੈ "ਰਿਆਸਤੀ ਅਧਿਕਾਰੀਆਂ ਵਲੋਂ

Namdhari Elibrary NamdhariElibrary@gmail.com

ਬਾਗੀਆਂ ਨੂੰ ਸ਼ਹਿਰ ਦੀ ਫਸੀਲ ਤੋਂ ਬਾਹਰ ਧੱਕਣ ਦੀ ਕਿਸੇ ਵਿਉਂਤ 'ਤੇ ਅਮਲ ਨਾ ਕੀਤਾ ਜਾਣਾ ਅਫਸੋਸ ਦੀ ਗੱਲ ਹੈ, ਜਦ ਕਿ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਵਲੋਂ ਚੇਤਾਵਨੀ ਦਿਤੀ ਜਾ ਚੁਕੀ ਸੀ ਕਿ ਸ਼ਹਿਰ ਉਤੇ ਹਮਲਾ ਅਟੱਲ ਦਸਿਆ ਜਾਂਦਾ ਹੈ। ਚੌਕਸੀ ਦੀ ਘਾਟ ਸੀ।... ਇਹ ਸਭ ਕੁਝ ਕੋਟਲਾ ਅਧਿਕਾਰੀਆਂ ਦੀਆਂ ਅੱਖਾਂ ਦੇ ਸਾਹਮਣੇ ਵਾਪਰਿਆ ਜਿਹੜੇ ਮੌਕੇ 'ਤੇ ਵਿਦਰੋਹੀਆਂ ਦੀ ਵਿਰੋਧ ਕਰਨ ਤੋਂ ਭੰਬਲਭੂਸੇ ਪਏ ਰਹੇ।"[36] ਰਿਪੋਰਟਾਂ ਅਨੁਸਾਰ ਅੰਗਰੇਜ਼ ਪ੍ਰਤੀ ਵਫਾਦਾਰੀ ਕਾਰਨ ਕੂਕਿਆਂ ਦੀ ਵਿਉਂਤ ਗੁਆਂਢੀ ਰਿਆਸਤਾਂ ਉਪਰ ਹੱਲਾ ਕਰਨ ਦੀ ਵੀ ਸੀ।[37]

ਸਥਾਨਕ ਰਾਜ ਪ੍ਰਬੰਧਕ ਸ਼ਾਇਦ ਆਪਣੇ ਦਿਨ੍ਹਾਂ ਦੁਸ਼ਮਣਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਸਨ। ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਪਹਿਲਾਂ ਹੀ ਵਿਦਰੋਹੀਆਂ ਨੂੰ ਤੋਪਾਂ ਨਾਲ ਉਡਾਉਣ ਦਾ ਦ੍ਰਿੜ੍ਹ ਇਰਾਦਾ ਕਰ ਚੁੱਕਾ ਸੀ ਹਾਲਾਂ ਕਿ ਨਾ ਤਾਂ ਉਸ ਨੂੰ ਕਿਸੇ ਦੀ ਜ਼ਿੰਦਗੀ ਲੈਣ ਜਾਂ ਬਖਸ਼ਣ ਦਾ ਅਧਿਕਾਰ ਪ੍ਰਾਪਤ ਸੀ ਤੇ ਨਾ ਹੀ ਅਜਿਹਾ ਕਰਨ ਲਈ ਉੱਚ ਅਧਿਕਾਰੀਆਂ ਦੀ ਪ੍ਰਵਾਨਗੀ। ਉਹਨੇ ਮਲੇਰਕੋਟਲੇ ਦੇ ਪੈਰੇਡ ਮੈਦਾਨ ਵਿਚ ਨੌ ਤੋਪਾਂ ਗਡਵਾ ਲਈਆਂ ਤੇ ਮੇਜਰ ਪਰਕਿਨਜ਼ ਨੂੰ ਆਖਿਆ ਕਿ ਉਹ ਕੂਕਿਆਂ ਨੂੰ ਸ਼ੇਰਪੁਰੇ ਤੋਂ, ਜਿਥੇ ਉਨ੍ਹਾਂ ਨੇ ਹਮਲੇ ਪਿਛੋਂ ਆਤਮ ਸਮਰਪਣ ਕੀਤਾ ਸੀ, ਲੈ ਕੇ ਆਵੇ।[38]

ਦੂਜੇ ਪਾਸੇ ਕੂਕਿਆਂ ਨੇ ਆਪਣੀ ਸਦਾਚਾਰਕ ਤੇ ਆਤਮਕ ਉਚਤਾ ਜਿਉਂ ਦੀ ਤਿਉਂ ਕਾਇਮ ਰੱਖੀ। ਗੁਰੂ ਰਾਮ ਸਿੰਘ ਦੀ ਸ਼ਖਸੀਅਤ ਹੀ ਅਜਿਹੀ ਤੇਜਸਵੀ ਸੀ ਕਿ ਉਹਨੇ ਆਪਣੇ ਅਨੁਆਈਆਂ ਦੇ ਮਨਾਂ ਵਿਚੋਂ ਮੌਤ ਦਾ ਭੈ ਕਢ ਦਿਤਾ ਸੀ ਤੇ ਦੇਸ਼ ਭਗਤੀ ਭਾਵਨਾਵਾਂ ਭਰ ਦਿਤੀਆਂ ਸਨ। ਮੇਜਰ ਪਰਕਿਨਜ਼ ਨੇ ਰਿਪੋਰਟ ਦਿਤੀ ਕਿ "ਉਹ ਆਮ ਕਰ ਕੇ ਬੜੇ ਸਜੇ-ਧਜੇ ਤੇ ਸਰਦੇ ਪੁਜਦੇ ਵਿਅਕਤੀ ਹਨ। ਉਨ੍ਹਾਂ ਦੀ ਦਿਖ ਸੂਰਮੇ ਦ੍ਰਿੜ੍ਹਵਿਸ਼ਵਾਸੀ ਬੰਦਿਆਂ ਵਰਗੀ ਹੈ... ਉਨ੍ਹਾਂ ਵਿਚੋਂ ਬਹੁਤੇ ਗਾਲ੍ਹਾਂ ਕਢ ਰਹੇ ਸਨ ਤੇ ਐਲਾਨ ਕਰ ਰਹੇ ਸਨ ਕਿ ਉਹ ਆਪਣੀ ਤੋਂ ਬਿਨਾਂ ਹੋਰ ਕੋਈ ਸਰਕਾਰ ਨਹੀਂ ਰਖਣਗੇ।[39] ਇਕ ਚਸ਼ਮਦੀਦ ਗਵਾਹ, ਇਤਿਹਾਸਕਾਰ ਗਿਆਨੀ ਗਿਆਨ ਸਿੰਘ ਇਸ ਨਰਸੰਘਾਰ ਤੋਂ ਪਹਿਲਾਂ ਦੀ ਕੂਕਿਆਂ ਦੀ ਮਾਨਸਕ ਅਵਸਥਾ ਦਾ ਵਿਸਥਾਰ ਸਹਿਤ ਵਰਨਣ ਕਰਦਾ ਹੋਇਆ ਲਿਖਦਾ ਹੈ :

*ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਂਹਿ।*
*ਹਮ ਨਿਜ ਨੈਨਨ ਜੋ ਪਿਖਿਓ, ਸੋ ਅਬ ਸਾਚ ਸੁਨਾਂਹਿ।*

* * * * * *

*ਸੰਮਤ ਉਨੀ ਸੌ ਅਠਾਈ।[40] ਕੂਕੇ ਸਿੰਘ ਮਿਲੇ ਤਬ ਆਈ।...*
*ਜਬ ਸਿੰਘ ਸਾਫਕ ਪਕੜੇ ਗਏ। ਫੜੇ ਮਲੇਰ ਕੋਟਲੇ ਆਏ।*
*ਉਨ ਹਿਤ ਹੁਕਮ ਅੰਗ੍ਰੇਜ਼ੀ ਆਯੋ। ਇਨ ਕੋ ਤੋਪਨ ਸੰਗ ਉਡਾਯੋ।*
*ਜਬ ਇਹ ਹੁਕਮ ਉਨੈ ਸੁਨ ਪਾਯੋ। ਖ਼ੁਸ਼ੀ ਭਏ ਅਤਿ ਹੌਜ ਹੁਲਸਾਯੋ।*
*ਮੁਖ ਪਰ ਲਾਲੀ ਚੜ੍ਹੀ ਬਧੇਰੇ। ਗਾਵਤ ਗੁਰ ਕੇ ਸ਼ਬਦ ਉਚੇਰੇ।*



Namdhari Elibrary NamdhariElibrary@gmail.com

*ਦੀਵੇ ਪਰ ਜਿਉਂ ਆਇ ਪਤੰਗੇ। ਤਯੋ ਤੋਪਨ ਦਿਸ ਜਾਇ ਨਿਸੰਗੇ।*
*ਉਡੇ ਖੁਸ਼ੀ ਹਵੈ ਹਵੈ ਕਰ ਸਾਰੇ। ਜਰਾ ਨ ਕੀਨੇ ਪਰਾਨ ਪਯਾਰੇ।*
*ਇਹ ਹਮ ਨੇ ਖੁਦ ਨੈਨ ਨਿਹਾਰੇ। ਦੇਖਤ ਥੇ ਜੋ ਲੋਕ ਅਪਾਰੇ।*
*ਰਹੇ ਹੈਰਾਨ ਤਿਨੈ ਪਿਖ ਸਾਰੇ।*[41]

•

ਕਾਵਨ ਨੇ 17 ਜਨਵਰੀ ਨੂੰ 7-7 ਕਰ ਕੇ 49 ਕੂਕੇ ਤੋਪਾਂ ਨਾਲ ਉਡਾ ਦਿਤੇ। ਛੋਟੀ ਉਮਰ ਦੇ ਇਕ ਬਿਸ਼ਨ ਸਿੰਘ ਨੂੰ ਸੁਰੱਖਿਆ ਸਿਪਾਹੀਆਂ ਨੇ ਟੋਟੇ ਟੋਟੇ ਕਰ ਦਿਤਾ ਕਿਉਂਕਿ ਉਸ ਨੇ ਕਾਵਨ ਵਲੋਂ ਇਹ ਆਖੇ ਜਾਣ 'ਤੇ ਕਿ ਜੇ ਉਹਨੇ ਤੋਪ ਦੇ ਗੋਲੇ ਤੋਂ ਆਪਣੀ ਜਿੰਦ ਬਚਾਉਣੀ ਹੈ ਤਾਂ ਕੂਕਾ-ਪਣ ਤੋਂ ਤੋਬਾ ਕਰ ਲਵੇ, ਕਾਵਨ ਦੀ ਦਾੜ੍ਹੀ ਇੰਨੀ ਕਸ ਕੇ ਫੜੀ ਕਿ ਉਹਦਾ ਤ੍ਰਾਹ ਨਿਕਲ ਗਿਆ ਤੇ ਉਹਨੇ ਅਨੁਭਵ ਕੀਤਾ ਕਿ ਉਹਦੀ ਮੌਤ ਛੇਤੀ ਹੋਣ ਵਾਲੀ ਹੈ। "ਇਕ ਬੰਦੇ ਨੇ ਮੇਰੇ 'ਤੇ ਭਿਆਨਕ ਹਮਲਾ ਕਰ ਦਿਤਾ, ਮੈਨੂੰ ਦਾੜ੍ਹੀ ਤੋਂ ਫੜ ਲਿਆ ਤੇ ਮੇਰਾ ਗਲ ਘੁਟਣ ਦਾ ਯਤਨ ਕਰਨ ਲਗਾ। ਤੇ ਜਿਵੇਂ ਕਿ ਉਹ ਬਹੁਤ ਤਕੜਾ ਵਿਅਕਤੀ ਸੀ ਇਸ ਲਈ ਮੈਨੂੰ ਆਪਾ ਛੁਡਾਉਣ ਲਈ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ।"[42].

ਵਿਦਰੋਹੀਆਂ ਵਿਚੋਂ ਇਕ ਮਧਰੇ ਕੱਦ ਦਾ ਤੇ ਮਹਾਰਾਜਾ ਪਟਿਆਲਾ ਦਾ ਸਬੰਧੀ ਵਰਿਆਮ ਸਿੰਘ ਸੀ। ਆਪਣੇ ਪੁੱਤਰ ਦੀ ਜਾਨ ਬਚਾਉਣ ਦੀ ਅੰਤਰੀਵੀ ਭਾਵਨਾ ਨਾਲ ਉਸ ਦੀ ਮਾਂ ਤੋਪਚੀਆਂ ਕੋਲ ਪੁਜੀ ਤੇ ਰਹਿਮ ਕਰਨ ਲਈ ਤਰਲੇ ਕਢਣ ਲਗੀ। ਜਦੋਂ ਫਿਰ ਵਰਿਆਮ ਸਿੰਘ ਅਗੇ ਆਇਆ ਤਾਂ ਤੋਪਚੀ ਨੇ ਇਸ ਬਹਾਨੇ ਗੋਲਾ ਦਾਗਣ ਤੋਂ ਨਾਂਹ ਕਰ ਦਿਤੀ ਕਿ ਉਸਦਾ ਕੱਦ ਮਧਰਾ ਹੋਣ ਕਰ ਕੇ ਤੋਪ ਦੇ ਨਿਸ਼ਾਨੇ ਵਿਚ ਨਹੀਂ ਆਉਂਦਾ। ਇਸ ਸੱਚੇ ਦੇਸ਼ ਭਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ। ਉਹ ਨਾਲ ਲਗਦੇ ਖੇਤ ਵਲ ਨੱਸਾ ਤੇ ਉਥੋਂ ਮਿੱਟੀ ਦੀਆਂ ਢੇਮਾਂ ਅਤੇ ਇੱਟਾਂ ਰੋੜੇ ਚੁਕੀ ਵਾਪਸ ਆਇਆ ਜਿਨ੍ਹਾਂ ਉਪਰ ਖੜ੍ਹੇ ਹੋ ਕੇ ਉਹਨੇ ਤੋਪਚੀ ਦੇ ਫਤਵੇ ਨੂੰ ਵੰਗਾਰ ਪਾਈ ਤੇ ਫੀਤਾ ਫੀਤਾ ਹੋ ਉਡਿਆ।

ਅਗਲੇ ਦਿਨ ਕਮਿਸ਼ਨਰ ਟੀ.ਡੀ. ਫੋਰਸਿਥ ਮਲੇਰਕੋਟਲੇ ਆਇਆ ਤੇ ਇਕ ਨਾਮ-ਧਰੀਕ ਸੁਣਵਾਈ ਪਿਛੋਂ ਉਹਨੇ ਵੀ ਆਪਣੇ ਅਧੀਨ ਅਫਸਰ ਵਲੋਂ ਪਹਿਲੇ ਦਿਨ ਕੀਤੀ ਕਾਰਵਾਈ ਹੀ ਦੁਹਰਾ ਦਿਤੀ। ਇਹ ਬਹੁਤ ਹੀ ਵਹਿਸ਼ੀ ਨਰਸੰਘਾਰ ਸੀ ਜਿਹਨੇ ਬਰਤਾਨਵੀ ਪਾਰਲੀਮੈਂਟ ਦੀਆਂ ਛੱਤਾਂ ਵੀ ਗੁੰਜਾ ਦਿਤੀਆਂ। ਇਕ ਚਸ਼ਮਦੀਦ ਯੂਰਪੀਨ ਗਵਾਹ ਦਾ ਹਵਾਲਾ ਦਿੰਦਿਆਂ (ਇਕ ਪੁਸਤਕ ਵਿਚ) ਕਿਹਾ ਗਿਆ ਹੈ ਕਿ ਉਸ ਨੇ ਕਿਹਾ ਸੀ, "ਸਾਰਾ ਯੂਰਪ ਇਕ ਈਸਾ ਦੇ ਫਾਂਸੀ ਚੜ੍ਹਨ 'ਤੇ ਮਾਣ ਕਰਦਾ ਹੈ। ਮੈਂ ਅਜ ਸੈਂਕੜੇ ਈਸਾ ਕੁਰਬਾਨ ਹੁੰਦੇ ਦੇਖੇ ਹਨ।"[43] ਇਹ ਦ੍ਰਿਸ਼ ਇੰਨਾਂ ਭਿਆਨਕ ਸੀ ਕਿ ਕਾਵਨ ਨੇ ਆਪ ਵੀ ਬਹੁਤ ਪ੍ਰੇਸ਼ਾਨੀ ਮਹਿਸੂਸ ਕੀਤੀ ਸੀ। "ਮੈਂ ਹਿੰਦ ਵਿਚ ਆਪਣੀ ਨੌਕਰੀ ਦੌਰਾਨ ਇਸ ਨਾਲੋਂ ਵਧ ਵਿਦਰੋਹੀ ਤੇ ਸਦਮਾਪੁਚਾਊ ਮੌਤ-ਸਜ਼ਾਵਾਂ ਯਾਦ ਨਹੀਂ ਕਰ ਸਕਦ, ਤੇ ਅਜਿਹੇ ਵਿਅਕਤੀ ਬਥੇਰੇ ਹਨ ਜਿਹੜੇ ਉਵੇਂ ਸੋਚਦੇ ਸਨ ਜਿਵੇਂ ਮੈਂ ਸੋਚਦਾ ਸਾਂ ਤੇ ਅਜੇ ਵੀ ਸੋਚਦਾ ਹਾਂ, ਕਿ ਹਿੰਦ ਸਰਕਾਰ ਦੇ ਅੰਤਮ ਆਦੇਸ਼ ਅਫਸੋਸਨਾਕ ਹੱਦ ਤਕ ਨਾਕਾਫੀ ਸਨ,"[44] ਥਾਂਪਸਨ ਦੀ ਮਨੌਤ ਸੀ।

ਪੁਲਸ ਦੇ ਉਪ-ਮਹਾਂਨਿਰੀਖਿਅਕ ਜੇ.ਸੀ.ਪੀ. ਬੇਲੀ ਨੇ 25 ਸਵਾਰਾਂ ਨੂੰ ਨਾਲ ਲੈ ਕੇ ਭੈਣੀ ਸਾਹਿਬ ਛਾਪਾ ਮਾਰਿਆ ਤੇ ਕੋਣਾ ਕੋਣਾ ਛਾਣ ਕੇ ਦੋ ਦਿਨ ਤਕ ਵਿਆਪਕ ਤਲਾਸ਼ੀ ਲੈਂਦਾ ਰਿਹਾ।[45] 18 ਜਨਵਰੀ ਨੂੰ ਹੀ ਗੁਰਦਵਾਰੇ ਦੇ ਬੂਹੇ ਅਗੇ ਪੁਲਸ ਚੌਕੀ ਬਿਠਾ ਦਿਤੀ ਗਈ ਜਿਹੜੀ 50 ਸਾਲ ਤਕ ਉਥੇ ਰਹੀ ਤੇ ਜਿਸ ਨੇ ਗੁਰਦਵਾਰੇ ਨੂੰ ਸੱਚੀਮੁਚੀ ਦੀ ਕਾਰਾਵਾਸ ਵਿਚ ਬਦਲ ਦਿਤਾ ਸੀ ਜਿਥੇ ਪੁਲਸ ਕੋਲ ਆਪਣਾ ਨਾਂ ਪਤਾ ਲਿਖਾਏ ਬਿਨਾਂ ਕਿਸੇ ਦਾ ਵੀ ਜਾਣਾ ਮਨ੍ਹਾ ਸੀ ਤੇ ਅਜਿਹੇ ਯਾਤਰੀ ਦੇ ਦਾਖਲੇ 'ਤੇ ਅਗਲੇ ਛੇ ਮਹੀਨੇ ਲਈ ਹੋਰ ਵੀ ਸਖਤ ਪਾਬੰਦੀ ਹੁੰਦੀ ਸੀ। ਇਹ ਚੌਕੀ ਕੇਵਲ 1923 ਵਿਚ ਹੀ ਉਠਾਈ ਗਈ।

ਰਾਜ ਪਲਟੇ ਦੇ ਇਸ ਯਤਨ ਦਾ ਵੱਖੋ ਵੱਖ ਲੋਕਾਂ ਨੇ ਵੱਖ ਵੱਖ ਤਰ੍ਹਾਂ ਦਾ ਪ੍ਰਤੀਕ੍ਰਮ ਪ੍ਰਗਟਾਇਆ। "ਇਹਦਾ ਚਰਿਤਰ ਬਹੁਤ ਦ੍ਰਿੜ-ਸੰਕਲਪ ਤੇ ਵਿਉਂਤਬਧ ਸੀ," 1865 ਤੋਂ 1870 ਤਕ ਅੰਬਾਲਾ ਡਵੀਜ਼ਨ ਦਾ ਕਮਿਸ਼ਨਰ ਰਹਿਣ ਵਾਲੇ ਕਰਨਲ ਟੇਲਰ ਦਾ ਕਹਿਣਾ ਸੀ।[46] ਕਾਵਨ ਦਾ ਖਿਆਲ ਸੀ ਕਿ ਉਨ੍ਹਾਂ ਨੇ ਕੇਵਲ ਕਤਲ ਤੇ ਡਾਕੇ ਦਾ ਹੀ ਜੁਰਮ ਨਹੀਂ ਕੀਤਾ ਸਗੋਂ ਉਹੇ ਸਥਾਪਤ ਸਲਤਨਤ ਦਾ ਸਰਕਸ਼ ਟਾਕਰਾ ਕਰਨ ਵਾਲੇ ਖੁਲ੍ਹੇ ਬਾਗੀ ਹਨ।"[47] ਲੰਡਨ ਟਾਈਮਜ਼ ਅਨੁਸਾਰ,"ਜਿਥੋਂ ਤਕ ਇਸ ਦੇ ਸੰਭਾਵਤ ਸਿੱਟਿਆਂ ਦਾ ਸਬੰਧ ਹੈ, ਉਹ ਪਹਿਲਾਂ ਕਿਆਸ ਕੀਤੇ ਗਿਆਂ ਨਾਲੋਂ ਕਿਤੇ ਵਧੇਰੇ ਗੰਭੀਰ ਹਨ।"[48]

'ਕੂਕਾ ਬਗਾਵਤ' ਦਾ ਗਦਰ ਵਿਚ ਬਦਲ ਜਾਣ ਦਾ ਤੌਖਲਾ ਪੈਦਾ ਹੋ ਗਿਆ ਸੀ। "ਦੂਜੇ ਸ਼ਬਦਾਂ ਵਿਚ," ਇਕ ਸਮਕਾਲੀ ਪੱਤਰ ਨੇ ਲਿਖਿਆ ਸੀ, "ਦਹਿਸ਼ਤ ਫੈਲੀ ਹੋਈ ਸੀ। ਇਸ ਲਈ ਇਕ ਸ਼ਹਿਰੀ ਅਫਸਰ ਨੇ ਕਠੋਰ-ਦਿਲੀ ਨਾਲ ਤੇ ਇਕ ਬਹੁਤ ਮੰਦਭਾਗੀ ਬਗਾਵਤ ਪਿਛੋਂ ਇੰਨੇ ਬੰਦੇ ਤੋਪਾਂ ਨਾਲ ਉਡਾ ਦਿਤੇ ਜਿੰਨੇ ਇਕੋ ਸਮੇਂ ਤੇ ਸਥਾਨ 'ਤੇ ਗਦਰ ਸਮੇਂ ਵੀ ਨਹੀਂ ਸਨ ਉਡਾਏ ਗਏ ਜਦੋਂ ਸ਼ਹਿਨਸ਼ਾਹੀ ਸਾਡੇ ਪੈਰਾਂ ਹੇਠੋਂ ਖਿਸਕਦੀ ਭਾਸਦੀ ਸੀ।"[49]

ਸਰਕਾਰ ਸਮੇਂ ਸਮੇਂ ਗੁਰੂ ਰਾਮ ਸਿੰਘ ਨੂੰ ਕਿਸੇ ਇਕ ਜਾਂ ਦੂਜੇ ਮੁਕੱਦਮੇ ਵਿਚ ਫਸਾਉਣ ਦੀਆਂ ਵਿਚਾਰਾਂ ਕਰਦੀ ਰਹੀ ਪਰ ਕੂਕਾ ਆਗੂਆਂ ਵਿਰੁਧ ਗਵਾਹੀ ਦੀ ਥੁੜ੍ਹ ਕਾਰਨ ਅਦਾਲਤ ਵਿਚ ਅਸਫਲ ਹੋਣ ਦੇ ਡੈ ਤੋਂ ਆਤਮ ਸੰਜਮ ਲਈ ਮਜਬੂਰ ਹੁੰਦੀ ਰਹੀ। "ਗੁਰੂ ਰਾਮ ਸਿੰਘ ਵਿਰੁਧ ਅਜਿਹੀ ਗਵਾਹੀ ਪ੍ਰਾਪਤ ਕਰਨੀ ਜਿਸ ਦੇ ਆਧਾਰ 'ਤੇ ਉਨ੍ਹਾਂ ਉਪਰ ਅਦਾਲਤ ਵਿਚ ਮੁਕੱਦਮਾ ਚਲਾਇਆ ਜਾ ਸਕੇ, ਮੁਸ਼ਕਲ ਹੋਵੇਗੀ ਤੇ ਅਸੰਭਵ ਵੀ ਹੋ ਸਕਦੀ ਹੈ।"[50] ਲੈਫਟੀਨੈਂਟ ਗਵਰਨਰ ਦਾ ਮੁਢਲੀ ਸਥਿਤੀ ਵਿਚ ਦ੍ਰਿਸ਼ਟੀਕੋਣ ਸੀ। ਪਿਛੋਂ ਜਾ ਕੇ ਸਥਿਤੀ ਹੋਰ ਵੀ ਵਿਗੜ ਗਈ। "ਸਰਕਾਰ ਨੂੰ ਅੰਦੇਸ਼ਾ ਹੈ ਕਿ ਪਵਿੱਤਰ ਵਿਅਕਤੀ ਵਿਰੁਧ ਗਵਾਹੀ ਦੇਣ ਖਾਤਰ ਕੋਈ ਵੀ ਵਿਅਕਤੀ ਜਾਨ ਜੋਖੋਂ ਵਿਚ ਨਹੀਂ ਪਾਏਗਾ।" ਇਸ ਸਬੰਧ ਵਿਚ ਲੈਫਟੀਨੈਂਟ ਗਵਰਨਰ ਨੇ (ਬਾਬਾ) ਸਾਹਿਬ ਸਿੰਘ ਬੇਦੀ ਦੀ ਉਦਾਹਰਣ ਦਿਤੀ ਜਿਸ ਨੇ 1794 ਵਿਚ ਮਲੇਰਕੋਟਲੇ ਤੇ ਹਮਲਾ ਕੀਤਾ ਸੀ। "ਚਾਹੇ ਪਟਿਆਲੇ ਤੋ ਫੌਜ ਛੇਤੀ ਹੀ ਪੁਜ ਗਈ ਸੀ। ਬੇਦੀ ਸਾਹਿਬ ਸਿੰਘ ਇਕ ਪਵਿੱਤਰ ਚਰਿਤਰ ਦਾ ਵਿਅਕਤੀ ਸੀ ਤੇ ਸਿੱਖ ਸਿਪਾਹੀ ਉਸ ਵਿਰੁਧ ਲੜਨ ਨੂੰ ਰਜ਼ਾਮੰਦ ਨਹੀਂ ਸਨ।"[51]

ਇਸ ਮੁੱਖ ਵਿਦਰੋਹ ਪਿਛੋਂ ਵੀ ਸਰਕਾਰ ਨੇ ਕੂਕਿਆਂ 'ਤੇ ਮੁਕੱਦਮਾ ਚਲਾਉਣ ਦੀ ਸੰਭਾਵਨਾ ਨੂੰ ਘੋਖਿਆ ਪਰਖਿਆ। ਮਾਮਲੇ ਦੇ ਸਭ ਪੱਖਾਂ 'ਤੇ ਵਿਚਾਰ ਕਰਨ ਪਿਛੋਂ ਸਰਕਾਰ ਨੇ ਤੌਖਲਾ ਪ੍ਰਗਟਾਇਆ ਕਿ "ਕੂਕਾ ਆਗੂਆਂ 'ਤੇ ਖੁੱਲ੍ਹੀ ਅਦਾਲਤ ਵਿਚ ਮੁਕੱਦਮਾ ਚਲਾਉਣ ਦਾ, ਲੈਫਟੀਨੈਂਟ ਗਵਰਨਰ ਦੇ ਖਿਆਲ ਵਿਚ ਬਹੁਤ ਅਸ਼ਾਂਤੀਦਾਇਕ ਪ੍ਰਭਾਵ ਪਏਗਾ। ਕੈਦੀਆਂ ਨੂੰ ਨਿਸ਼ਚੇ ਹੀ ਵਕੀਲਾਂ ਦੁਆਰਾ ਬਚਾਇਆ ਜਾਏਗਾ, ਉਨ੍ਹਾਂ ਦੇ ਨਾਂ'ਤੇ ਚੰਦੇ ਉਗਰਾਹੇ ਜਾਣਗੇ, ਅਸਰ ਰਸੂਖ ਵਾਲੇ ਦੇਸੀ ਵਿਅਕਤੀਆਂ ਦੀਆਂ ਨਜ਼ਰਾਂ ਵਿਚ, ਜਿਹੜੇ ਕਾਨੂੰਨ ਖਾਤਰ ਜੀਵਿਤ ਹਨ, ਆਗੂਆਂ ਵਿਰੁਧ ਕੀਤੀ ਗਈ ਕਾਰਵਾਈ ਦੀ ਪੁਸ਼ਟੀ ਕੀਤੀ ਹੈ, ਕੂਕਿਆਂ ਨਾਲੋਂ ਸਰਕਾਰ ਨੂੰ ਆਪਣਾ ਬਚਾਉ ਵਧੇਰੇ ਕਰਨਾ ਪਏਗਾ; ਗੁੱਸੇ ਤੇ ਕੁੜ੍ਹਣ ਵਾਲੀਆਂ ਭਾਵਨਾਵਾਂ ਜੋ ਹੁਣ ਬਹੁਤ ਹੱਦ ਤਕ ਘਟ ਚੁਕੀਆਂ ਹਨ, ਪੁਨਰਸੁਰਜੀਤ ਹੋ ਜਾਣਗੀਆਂ, ਗਵਾਹੀ ਜਿੰਨੀ ਮਰਜ਼ੀ ਤਕੜੀ ਹੋਵੇ, ਮੁਕੱਦਮੇ ਵਿਚੋਂ ਬਰੀ ਹੋਣਾ, ਜਿਹੜਾ ਕਈ ਹਾਲਤਾਂ ਵਿਚ ਅਸੰਭਵ ਨਹੀਂ ਆਖਿਆ ਜਾ ਸਕਦਾ, ਬਹੁਤ ਅਨੁਚਿਤ ਅਸਰ ਪਾਏਗਾ।"[52] ਸਰਕਾਰ ਨੇ ਅੰਤ ਆਖਰੀ ਚਾਰੇ ਦਾ ਆਸਰਾ ਲਿਆ। ਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਗਿਆਰਾਂ ਬਹੁਤ ਪ੍ਰਭਾਵਸ਼ਾਲੀ ਸੂਬੇ, ਹਿੰਦੁਸਤਾਨ ਦੇ ਅੰਦਰ ਤੇ ਬਾਹਰ, ਦੁਰੇਡੀਆਂ ਤੇ ਅਨਜਾਣ ਥਾਂਈ, ਬੜੇ ਸਖਤ ਕਾਨੂੰਨ, 1818 ਦੇ ਬੰਗਾਲ ਰੈਗੂਲੇਸ਼ਨ III ਦੇ ਅਧੀਨ ਸ਼ਾਹੀ ਕੈਦੀਆਂ ਵਜੋਂ ਜਲਾਵਤਨ ਕਰ ਦਿਤੇ ਗਏ। ਸੁਤੰਤਰਤਾ ਸੰਗਰਾਮ ਦੌਰਾਨ ਇਕੋ ਸਥਾਨ ਤੋਂ ਇਕੋ ਸਮੇਂ ਫੜੇ ਤੇ ਦੇਸ਼ ਨਿਰਵਾਸਤ ਕੀਤੇ ਜਾਣ ਵਾਲੇ ਅਜਿਹੇ ਕੈਦੀਆਂ ਦੀ ਸ਼ਾਇਦ ਇਹ ਸਭ ਤੋਂ ਵਡੀ ਗਿਣਤੀ ਸੀ।

ਸਰਕਾਰ ਦਾ ਖਿਆਲ ਸੀ ਕਿ ਕੂਕਿਆਂ ਨੂੰ ਦਿਤੀਆਂ ਗਈਆਂ ਸਜ਼ਾਵਾਂ ਹੌੜਵਾਂ ਅਸਰ ਰਖਣਗੀਆਂ ਅਤੇ ਉਨ੍ਹਾਂ ਤੇ ਉਨ੍ਹਾਂ ਦੀ ਲਹਿਰ 'ਤੇ ਮਾਰੂ ਪ੍ਰਹਾਰ ਕਰਨ ਲਈ ਕਾਫੀ ਹੋਣਗੀਆਂ। ਪਰ ਉਹ ਭੁਲੇਖੇ ਵਿਚ ਸੀ ਕਿਉਂਕਿ ਉਨ੍ਹਾਂ (ਕੂਕਿਆਂ) ਨੇ ਸਰਕਾਰ ਨੂੰ ਸਦਾ ਹੀ ਵਿਆਕੁਲ ਕਰੀ ਰਖਿਆ। ਉਨ੍ਹਾਂ ਨੇ ਵਧੇਰੇ ਪ੍ਰਭਾਵਸ਼ਾਲੀ ਰਣਨੀਤੀਆਂ ਦੀਆਂ ਰੂਪ-ਰੇਖਾਵਾਂ ਉਲੀਕਣ ਤੇ ਨਵੇਂ ਰਸਤੇ ਲਭਣ ਲਈ ਇਕੱਠ ਕਰਨੇ ਤੇ ਉਨ੍ਹਾਂ ਵਿਚ ਭਾਗ ਲੈਣਾ ਜਾਰੀ ਰਖਿਆ। "ਉਨ੍ਹਾਂ ਬਾਰੇ ਹੁਣੇ ਜਹੇ ਇਤਲਾਹ ਪ੍ਰਾਪਤ ਹੋਈ ਹੈ ਕਿ ਉਹ ਇਕਤਰ ਹੁੰਦੇ ਤੇ ਬਾਗੀਆਨਾ ਬੋਲੀ ਦੀ ਵਰਤੋਂ ਕਰਦੇ ਹਨ।" ਮੇਜਰ ਡੇਵਿਸ ਨੇ ਟਿੱਪਣੀ ਕੀਤੀ ਸੀ।[53] ਪੰਜਾਬ ਵਿਚ ਵਖ ਵਖ ਕੇਂਦਰਾਂ ਤੋਂ ਅਪ੍ਰੈਲ 1872 ਵਿਚ ਹੋਰ ਬਗਾਵਤ ਸ਼ੁਰੂ ਹੋਣ ਦੀਆਂ ਇਤਲਾਹਾਂ ਵੀ ਆ ਰਹੀਆਂ ਸਨ।[54]

ਕੂਕਿਆਂ ਨੇ ਆਪਣੇ ਵਤਨੀ ਲੋਕਾਂ ਨੂੰ ਕੌਮੀ ਮੁਕਤੀ ਲਈ ਜਾਗ੍ਰਿਤ ਕੀਤਾ। ਕੂਕਾ ਲਹਿਰ ਦਾ ਪ੍ਰਭਾਵ, ਇਸ ਸੰਬੰਧ ਵਿਚ ਪਿਛੋਂ ਕੀਤੇ ਗਏ ਸਾਰੇ ਯਤਨਾਂ ਉਪਰ ਸਪਸ਼ਟ ਦੇਖਿਆ ਜਾ ਸਕਦਾ ਹੈ। ਇੰਡੀਅਨ ਨੈਸ਼ਨਲ ਕਾਂਗਰਸ ਨੇ ਉਨ੍ਹਾਂ ਤੋਂ ਬਹੁਤ ਕੁਛ ਲਿਆ ਹੈ। ਸੁਤੰਤਰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾਕਟਰ ਰਾਜਿੰਦਰ ਪ੍ਰਸ਼ਾਦ ਨੇ 1935 ਵਿਚ ਆਪਣੇ ਇਕ ਲੇਖ ਵਿਚ ਲਿਖਿਆ ਸੀ, "ਗੁਰੂ ਰਾਮ ਸਿੰਘ ਸੁਤੰਤਰਤਾ ਕੋ ਭੀ ਧਰਮ ਕਾ ਆਵਸ਼ਕ ਅੰਗ ਸਮਝਤੇ ਥੇ ਔਰ ਨਾਮਧਾਰੀਓਂ ਕਾ ਸੰਗਠਨ ਬਹੁਤ ਜ਼ੋਰਦਾਰ ਹੋ ਗਿਆ ਥਾ! ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ ਉਸ ਕੋ ਗੁਰੂ ਰਾਮ ਸਿੰਘ ਨੇ ਪ੍ਰਾਯ: ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰਤ ਕੀਯਾ ਥਾ!"[55]

Namdhari Elibrary NamdhariElibrary@gmail.com

ਜਦੋਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਸੱਚਮੁਚ ਦੇਸ਼ ਸੁਤੰਤਰਤਾ ਲਈ ਲੜਨ ਵਾਲੀ ਜਨਤਕ ਲਹਿਰ ਦਾ ਰੂਪ ਧਾਰਨ ਕੀਤਾ ਤਦ ਕੂਕਿਆਂ ਨੇ ਕਾਂਗਰਸ ਦੇ ਕਾਰਜਕ੍ਰਮਾਂ ਰਾਹੀਂ ਆਪਣੇ ਹੀ ਉਦੇਸ਼ ਦੀ ਪੂਰਤੀ ਹੁੰਦੀ ਦੇਖ ਕੇ, ਬਰਤਾਨਵੀ ਸਰਕਾਰ ਦਾ ਸੰਗਠਤ ਤੇ ਇਕਮੁਠ ਹੋ ਕੇ ਮੁਕਾਬਲਾ ਕਰਨ ਦੇ ਖਿਆਲ ਨਾਲ, ਆਪਣੀ ਹੋਣੀ ਕਾਂਗਰਸ ਨਾਲ ਜੋੜ ਦਿਤੀ। ਅਨੇਕਾਂ ਨਾਮਧਾਰੀ ਕਾਂਗਰਸ ਵਿਚ ਸ਼ਾਮਲ ਹੋ ਗਏ ਤੇ ਆਪਣੇ ਉਦੇਸ਼ ਲਈ ਕੰਮ ਕਰਦੇ ਰਹੇ।

ਕਾਂਗਰਸ ਦਾ ਚੁਤਾਲੀਵਾਂ ਇਤਿਹਾਸਕ ਵਾਰਸ਼ਕ ਸਮਾਗਮ 1929 ਵਿਚ ਲਾਹੌਰ ਵਿਚ ਬੁਲਾਇਆ ਗਿਆ ਸੀ ਜਿਥੇ ਪੂਰਨ ਸਵਰਾਜ ਦਾ ਮਤਾ ਗਾਂਧੀ ਜੀ ਵਲੋਂ ਪੇਸ਼ ਕੀਤਾ ਗਿਆ ਤੇ ਲਗਪਗ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਸੀ।[56] ਸਿੱਖਾਂ ਦੇ 'ਬੇਤਾਜ ਬਾਦਸ਼ਾਹ' ਬਾਬਾ ਖੜਕ ਸਿੰਘ ਨੇ ਇਸ ਦਾ ਬਾਈਕਾਟ ਕੀਤਾ ਅਤੇ ਸਿੱਖਾਂ ਨੂੰ ਇਸ ਵਿਚ ਭਾਗ ਲੈਣੋਂ ਰੋਕਿਆ। ਨਾਮਧਾਰੀਆਂ ਨੇ ਇਸ ਸਮਾਗਮ ਦੇ ਚੁਣੇ ਗਏ ਪ੍ਰਧਾਨ ਪੰਡਤ ਜਵਾਹਰ ਲਾਲ ਨਹਿਰੂ ਦੇ ਜਲੂਸ ਲਈ ਘੋੜਿਆਂ ਦਾ ਪ੍ਰਬੰਧ ਕੀਤਾ ਅਤੇ ਆਪ ਜਲੂਸ ਤੇ ਸਮਾਗਮ ਵਿਚ ਸਰਗਰਮੀ ਨਾਲ ਹਿੱਸਾ ਲਿਆ। ਪੰਡਤ ਨਹਿਰੂ ਇਕ ਘੋੜੇ 'ਤੇ ਸਵਾਰ ਸਨ। ਇਹ ਸਫੇਦ ਰੰਗ ਦਾ ਸੁੰਦਰ ਜੰਗੀ ਘੋੜਾ ਸੀ। ਉਨ੍ਹਾਂ ਦੇ ਪਿਛੇ ਜਨਰਲ ਆਫੀਸਰ ਆਫ ਕਮਾਂਡ ਤੇ ਸਵੈ-ਇਛਕ ਸੇਵਕ ਦਲ ਦੇ ਦੂਜੇ ਅਫਸਰ ਸਨ। ਬਹੁਤ ਟੁੰਬਵਾਂ ਪਹਿਲੂ ਸੀ — ਚਿਟੇ ਸਫੇਦ ਖੱਦਰ ਦੇ ਬਸਤਰ ਪਹਿਨੀ ਤੇ ਅਪਣੇ ਢੰਗ ਦੀਆਂ ਦਸਤਾਰਾਂ ਸਜਾਈ ਸਿੱਖ ਘੁੜ-ਸਵਾਰ। ਖੁੱਲ੍ਹਿਆਂ ਦਾੜ੍ਹਿਆਂ ਵਾਲੇ ਨਾਮਧਾਰੀ ਇਕ ਟੁੰਬਵਾਂ ਦ੍ਰਿਸ਼ ਪੇਸ਼ ਕਰਦੇ ਸਨ।" ਉਨ੍ਹਾਂ ਨੇਤਾਵਾਂ ਵਿਚਕਾਰ ਜੋ ਘੁੜ-ਸਵਾਰ ਨਹਿਰੂ ਜੀ ਦਾ ਸਾਥ ਦੇ ਰਹੇ ਸਨ ਨਾਮਧਾਰੀਆਂ ਦੇ ਗੁਰੂ (ਸਤਿਗੁਰੂ ਪ੍ਰਤਾਪ ਸਿੰਘ ਜੀ) ਵੀ ਸ਼ਾਮਲ ਸਨ। "ਸੈਨਾ ਦਾ ਪਿਛਲਾ ਦਸਤਾ ਘੁੜ-ਸਵਾਰ ਨਾਮਧਾਰੀਆਂ ਦੇ ਵਡੇ ਸਮੂਹ ਦਾ ਸੀ।"[57]

ਬਹੁਤ ਸਾਰੇ ਕ੍ਰਾਂਤੀਕਾਰੀ ਨਾਮਧਾਰੀਆਂ ਦੇ ਸੰਘਰਸ਼ ਤੇ ਕੁਰਬਾਨੀਆਂ ਤੋਂ ਪ੍ਰਭਾਵਤ ਹੋਏ। ਸੁਤੰਤਰਾ ਸੰਗਰਾਮ ਨੂੰ ਸਮਰਪਤ ਗਦਰ ਪਾਰਟੀ ਦਾ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਇਕ ਉਪਾਸ਼ਕ ਨਾਮਧਾਰੀ ਸੀ। ਸਰਦਾਰ ਭਗਤ ਸਿੰਘ ਸ਼ਹੀਦ ਕੂਕਿਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਇੰਨਾਂ ਪ੍ਰਭਾਵਤ ਸੀ ਕਿ ਉਹ ਉਨ੍ਹਾਂ ਦੀ ਸ਼ਲਾਘਾ ਨਾਲ ਓਤਪੋਤ ਸੀ। ਇਕ ਲੰਬੇ ਸਾਰੇ ਲੇਖ ਵਿਚ ਉਹਨੇ ਇਨ੍ਹਾਂ ਸਿਰਲਥਾਂ ਦੇ ਅਮਲਾਂ ਨੂੰ ਯੋਗ ਠਹਿਰਾਇਆ ਸੀ। "ਕੂਕਾ ਲਹਿਰ ਦਾ ਇਤਿਹਾਸ ਹਾਲੇ ਤਕ ਲੋਕਾਂ ਸਾਹਮਣੇ ਨਹੀਂ ਆਇਆ," ਉਹਨੇ ਅਫਸੋਸ ਪ੍ਰਗਟ ਕਰਦਿਆਂ ਲਿਖਿਆ ਸੀ, "ਕਿਸੇ ਨੇ ਇਸ ਨੂੰ ਅਹਿਮੀਅਤ ਵਾਲਾ ਨਹੀਂ ਸਮਝਿਆ। ਅਸੀਂ ਕੂਕਿਆਂ ਨੂੰ ਭੁੱਲੜ ਤੇ ਮੂਰਖ ਕਹਿ ਕੇ ਆਪਣੇ ਫਰਜ਼ ਤੋਂ ਲਾਂਭੇ ਹੋ ਜਾਂਦੇ ਹਾਂ।... ਉਹ ਤਾਂ ਤੋਪ ਦੇ ਦਹਾਨੇ ਸਾਹਮਣੇ ਆਉਣ ਸਮੇਂ ਵੀ ਹਸ ਪੈਂਦੇ ਸਨ ਤੇ ਅਨੰਦ ਨਾਲ ਸਤਿ ਸ੍ਰੀ ਅਕਾਲ ਦੇ ਅਕਾਸ਼ ਗੁੰਜਾਊ ਜੈਕਾਰਿਆਂ ਨਾਲ ਆਕਾਸ਼ ਪਾਤਾਲ ਇਕ ਕਰ ਦਿੰਦੇ ਸਨ। ਉਨ੍ਹਾਂ ਦੇ ਮੱਥਿਆਂ ਉਪਰ ਦੁੱਖ ਪਛਤਾਵੇ ਜਾਂ ਫਿਕਰ ਦੀ ਰੇਖਾ ਵੀ ਨਹੀਂ ਸੀ ਦਿਸਦੀ।"[58] ਕਿਆਸ ਕੀਤਾ ਜਾਂਦਾ ਸੀ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਉਹਨੇ ਇਨ੍ਹਾਂ ਨਿਡਰ ਵਤਨੀਆਂ ਦੇ ਇਤਿਹਾਸ ਨੂੰ ਕਲਮਬੰਦ ਕਰਨ ਦਾ ਵਿਚਾਰ ਵੀ ਬਣਾਇਆ ਸੀ।

ਕੂਕਾ ਵਿਚਾਰਧਾਰਾ ਦਾ ਇਕ ਜ਼ਰੂਰੀ ਅੰਗ ਇਹ ਸੀ ਕਿ ਉਨ੍ਹਾਂ ਨੇ ਕਦੇ ਵੀ ਭਾਰਤ ਵਿਚ ਅੰਗਰੇਜ਼ੀ ਰਾਜ ਨੂੰ ਮਾਨਤਾ ਨਹੀਂ ਦਿਤੀ। ਇਸ ਤੋਂ ਉਲਟ ਉਨ੍ਹਾਂ ਨੇ ਸਗੋਂ ਇਕ ਬਰਾਬਰ ਦੀ ਸਰਕਾਰ ਕਾਇਮ ਕਰ ਲਈ ਸੀ। ਰਿਪੋਰਟਾਂ ਦਸਦੀਆਂ ਹਨ ਕਿ ਉਨ੍ਹਾਂ ਨੇ ਨਵੇਂ ਜ਼ਿਲ੍ਹੇ ਤੇ ਥਾਣੇ ਬਣਾਉਣੇ ਆਰੰਭ ਦਿਤੇ ਸਨ। ਕਕੜ ਪਿੰਡ, ਜੋ ਹੁਣ ਹਿੰਦ-ਪਾਕ ਸਰਹੱਦ ਤੇ ਸਥਿਤ ਹੈ, ਵਿਚ ਨਾਮਧਾਰੀਆਂ ਦੀ ਆਬਾਦੀ ਚੰਗੀ ਸੀ। ਉਨ੍ਹਾਂ ਨੇ ਇਸ ਨੂੰ ਜ਼ਿਲ੍ਹੇ ਦਾ ਰੁਤਬਾ ਦਿਤਾ ਸੀ ਤੇ ਫਤੇਵਾਲ ਨੂੰ ਥਾਣਾ ਬਣਾ ਦਿਤਾ ਸੀ।[59] ਡਾਕਟਰ ਫੌਜਾ ਸਿੰਘ ਅਨੁਸਾਰ ਕੂਕਿਆਂ ਵਲੋਂ ਸਥਾਪਤ ਸੁਤੰਤਰ ਡਾਕ ਤੇ ਕਾਨੂੰਨੀ ਸੇਵਾਵਾਂ, ਉਸ ਬਰਾਬਰ ਦੀ ਸਰਕਾਰ ਦਾ ਚਿਹਰਾ ਮੁਹਰਾ ਪੇਸ਼ ਕਰਦੀਆਂ ਸਨ ਜਿਸ ਨੂੰ ਸੂਝ ਨਾਲ ਵਿਉਂਤੀ ਅਤੇ ਚੰਗੀ ਤਰ੍ਹਾਂ ਗਠਿਤ ਜਥੇਬੰਦੀ ਵਲੋਂ ਚਲਾਇਆ ਜਾਂਦਾ ਸੀ।'[60] ਜਦੋਂ ਗੁਰੂ ਰਾਮ ਸਿੰਘ ਦੇ ਛੋਟੇ ਭਾਈ, ਗੁਰੂ ਹਰੀ ਸਿੰਘ ਨੂੰ ਮਿੰਟਗੁਮਰੀ ਦੀ ਬਾਰ ਵਿਚ 2500 ਏਕੜ ਜ਼ਮੀਨ ਦੇਣ ਦੀ ਪੇਸ਼ਕਸ਼ ਕੀਤੀ ਗਈ ਤਾਂ ਉਨ੍ਹਾਂ ਨੇ ਪੇਸ਼ਕਸ਼ ਨੂੰ ਠੁਕਰਾਉਂਦਿਆਂ ਡਿਪਟੀ ਕਮਿਸ਼ਨਰ ਨੂੰ ਪੁਛਿਆ ਸੀ ਕਿ ਕੀ ਬਾਕੀ ਜ਼ਮੀਨ ਦੇ ਮਾਲਕ ਉਹ ਨਹੀਂ ?"

ਕੂਕਿਆਂ ਨੇ ਮਹਾਰਾਜਾ ਦਲੀਪ ਸਿੰਘ ਦੀ ਪੰਜਾਬ ਦੇ ਤਖਤ 'ਤੇ ਪੁਨਰਬਹਾਲੀ ਲਈ ਸਾਰਾ ਟਿਲ ਲਾ ਦਿਤਾ। ਇਹ ਉਨ੍ਹਾਂ ਦੇ ਸੁਤੰਤਰਤਾ ਸੰਗ੍ਰਾਮ ਦਾ ਵੀ ਭਾਗ ਸੀ। ਮਹਾਰਾਜੇ ਦੇ ਪਖ ਵਿਚ ਕੂਕਿਆਂ ਦਾ ਪ੍ਰਚਾਰ ਇਕ ਅਜਿਹਾ ਤਤ ਸੀ ਜਿਹਨੇ ਮਹਾਰਾਜੇ ਨੂੰ ਪੰਜਾਬ ਵਾਪਸੀ ਤੋਂ ਰੋਕਣ ਲਈ ਸਰਕਾਰ ਨੂੰ ਮਜਬੂਰ ਕਰ ਦਿਤਾ। ਲਾਰਡ ਰਿਪਨ ਨੇ ਲਿਖਿਆ ਸੀ, "ਕੂਕਿਆਂ ਵਿਚਕਾਰ ਬਹੁਤ ਹਲਚਲ ਹੈ ਅਤੇ ਉਨ੍ਹਾਂ ਦੀਆਂ ਹਰਕਤਾਂ ਬਹੁਤ ਅਸਾਧਾਰਨ ਹਨ। ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਕੀਤੀ ਭਵਿੱਖ ਬਾਣੀ ਉਨ੍ਹਾਂ ਨੂੰ ਇਸ ਸਾਲ ਗੜਬੜ ਹੋਣ ਦੇ ਭਰੋਸੇ ਵਲ ਲਿਜਾਂਦੀ ਹੈ ਅਤੇ ਰਿਪੋਰਟਾਂ ਅਨੁਸਾਰ ਇਹ ਉਹੋ ਜਹੀਆਂ ਰਸਮਾਂ ਰੀਤਾਂ ਕੁਰ ਰਹੇ ਹਨ ਜਿਹੋ ਜਿਹੀਆਂ ਮੁਸਲਿਮ ਰਾਜ ਵਿਰੁਧ ਬਗਾਵਤ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ (ਸਿੰਘ) ਨੇ ਕੀਤੀਆਂ ਸਨ।"[61] ਇਕ ਪ੍ਰਸਿੱਧ ਕੂਕਾ ਬਨਾਰਸੀ ਬਾਬੂ ਮਹਾਰਾਜੇ ਨਾਲ ਉਸ ਦੇ ਕਾਰਜ ਕਰਮ ਵਿਚਾਰਨ ਲਈ ਇੰਗਲੈਂਡ ਵੀ ਹੋ ਆਇਆ ਸੀ। ਜਦੋਂ ਮਹਾਰਾਜੇ ਦੀ ਹਿੰਦੁਸਤਾਨ ਵਾਪਸੀ ਲੋਕ ਚਰਚਾ ਦਾ ਵਿਸ਼ਾ ਬਣੀ ਹੋਈ ਸੀ ਤਦ ਕੂਕੇ ਉਸ ਦੇ ਸੁਆਗਤ ਲਈ ਬੰਬਈ ਵੀ ਗਏ ਸਨ।[62] ਜਦੋਂ ਉਨ੍ਹਾਂ ਨੂੰ ਉਸ ਦੇ ਮਾਸਕੋ ਪੁਜਣ ਦਾ ਪਤਾ ਲਗਾ ਸੀ ਤਾਂ ਤਿੰਨ ਕੂਕੇ ਰੂਸ ਵਿਚ ਮਹਾਰਾਜੇ ਦੀ ਭਾਲ ਕਰਦੇ ਵੀ ਦੇਖੇ ਗਏ ਸਨ।[63]

ਕੌਮੀ ਮੁਕਤੀ ਲਈ ਸਿਰਤੋੜ ਯਤਨ ਕਰਨ ਵਾਲੇ ਹਰੇਕ ਵਿਅਕਤੀ ਤੇ ਸੰਗਠਨ ਨੂੰ ਕੂਕਿਆਂ ਨੇ ਸਹਿਯੋਗ ਦੇਣਾ ਜਾਰੀ ਰਖਿਆ। ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਧਿਆਨ ਵਿਚ ਰਖਦਿਆਂ ਪੰਡਤ ਨਹਿਰੂ ਦੋ ਵਾਰ ਭੈਣੀ ਸਾਹਿਬ ਪਧਾਰੇ ਸਨ। ਜਦੋਂ ਉਨ੍ਹਾਂ ਨੂੰ ਉਨ੍ਹਾਂ ਮਾਨਸਿਕ ਤੇ ਸਰੀਰਕ ਯਾਤਨਾਵਾਂ ਬਾਰੇ ਦਸਿਆ ਗਿਆ ਜਿਨ੍ਹਾਂ ਵਿਚੋਂ ਕੂਕੇ ਇੰਨਾਂ ਲੰਮਾ ਸਮਾਂ ਲੰਘੇ ਸਨ ਤਦ ਉਨ੍ਹਾਂ ਦੀਆਂ ਅੱਖਾਂ ਸਜਲ ਹੋ ਗਈਆਂ ਸਨ।

ਬਰਤਾਨਵੀ ਅਧਿਕਾਰੀਆਂ ਪ੍ਰਤੀ ਕੂਕਿਆਂ ਦਾ ਵਿਵਹਾਰ ਪੰਜਾਬੀ ਲੋਕ ਗੀਤਾਂ ਦਾ ਵਿਸ਼ਾ ਬਣ ਗਿਆ ਸੀ। ਅਜਿਹਾ ਹੀ ਇਕ ਲੋਕ ਗੀਤ ਹੈ :

ਕੂਕਿਆਂ ਦਾ ਪੰਥ ਨਿਰਾਲਾ।
ਹੱਥਾਂ ਦੇ ਵਿਚ ਗੜਵਾ ਰਖਦੇ,
ਗਲ ਵਿਚ ਉੱਨ ਦੀ ਮਾਲਾ।
ਅੰਗਰੇਜ਼ਾਂ ਦੀ ਈਨ ਨਾ ਮੰਨਦੇ,
ਮੰਗਿਆ ਦੇਣ ਨਾ ਹਾਲਾ।
ਰਾਜ ਅੰਗਰੇਜ਼ਾਂ ਦਾ, ਚਾਰ ਦਿਨਾਂ ਦਾ ਚਾਲਾ।

ਹਰੇਕ ਕੌਮ ਉਨ੍ਹਾਂ ਅਦਿਖ ਥੰਮਾਂ ਦੇ ਸਹਾਰੇ ਖੜ੍ਹੀ ਹੁੰਦੀ ਹੈ ਜਿਹੜੇ ਸਹਿਜ-ਭਾਵੀ ਅੱਖਾਂ ਨਾਲ ਹੀ ਦੇਖੇ ਜਾ ਸਕਦੇ ਹਨ ਤੇ ਜਿਨ੍ਹਾਂ ਤੋਂ ਆਮ ਕਰ ਕੇ ਕੌਮ ਦੇ ਸੰਘਟਕਾਂ ਦੀ ਬਹੁ-ਗਿਣਤੀ ਵਿਰਵੀ ਹੁੰਦੀ ਹੈ ਤੇ ਇਸੇ ਕਰ ਕੇ ਉਨ੍ਹਾਂ ਥੰਮਾਂ ਦੀ ਸ਼ਕਤੀ ਤੇ ਮਹੱਤਵ ਨੂੰ ਸਮਝਣ ਤੋਂ ਅਸਮਰਥ ਹੁੰਦੀ ਹੈ ਜਿਨ੍ਹਾਂ ਦੀ ਢੁਕਵੇਂ ਤੌਰ 'ਤੇ ਤੁਲਨਾ ਬਹੁਮੰਜ਼ਲੀ ਮਹਿਲਹਾਰ ਇਮਾਰਤ ਦੇ ਨੀਂਹ ਪੱਥਰਾਂ ਨਾਲ ਕੀਤੀ ਜਾ ਸਕਦੀ ਹੈ ਜਿਹੜੇ ਕਦੇ ਵੀ ਸੂਰਜ ਦਾ ਚਾਨਣ ਨਹੀਂ ਦੇਖਦੇ। ਜੇ ਉਹ ਇਨ੍ਹਾਂ ਅਗਿਆਨੀ ਲੋਕਾਂ ਨੂੰ ਆਪਣੇ ਚਿਹਰੇ ਦਿਖਾਉਣ ਦਾ ਲਾਲਚ ਕਰ ਲੈਣ ਤਾਂ ਇਕ ਅੱਖ ਦੇ ਫੋਰ ਵਿਚ ਵੱਡੀ ਇਮਾਰਤ ਢਹਿ ਢੇਰੀ ਹੋ ਜਾਵੇਗੀ। ਕੂਕੇ ਜਾਂ ਨਾਮਧਾਰੀ ਕੇਵਲ ਸੁਤੰਤਰਤਾ ਸੰਗਰਾਮ ਦੇ ਮੋਢੀ ਹੀ ਨਹੀਂ ਸਨ ਸਗੋਂ ਉਹ ਆਜ਼ਾਦੀ ਦੀ ਇਸ ਮਹਿਲਹਾਰ ਇਮਾਰਤ ਦੇ ਨੀਂਹ ਪੱਥਰ ਵੀ ਸਨ ਜਿਸ ਦੀ ਉਮਰ ਪੰਜਾਹ ਵਰ੍ਹੇ ਦੀ ਹੋ ਗਈ ਹੈ।

— ਸਵਰਨ ਸਿੰਘ 'ਸਨੇਹੀ'

Namdhari Elibrary NamdhariElibrary@gmail.com

# ਟਿੱਪਣੀਆਂ ਤੇ ਹਵਾਲੇ

1. ਐਸ.ਸੀ. ਮਲਿਕ, ਡਾਈਸੈਂਟ, ਪ੍ਰਾਟੈਸਟ ਐਂਡ ਰਿਫਾਰਮ ਇਨ ਇੰਡੀਅਨ ਸਿਵਿਲਾਈਜ਼ੇਸ਼ਨ, ਸ਼ਿਮਲਾ, 1977, ਪੰਨਾ 23
2. ਗਿ: ਗਿਆਨ ਸਿੰਘ, 'ਪੰਥ ਪ੍ਰਕਾਸ਼', ਅੰਮ੍ਰਿਤਸਰ, 1974, ਪੰਨਾ 2822
3. ਆਈ.ਪੀ. ਮਿਨਾਯੇਵ, 'ਟ੍ਰੈਵਿਲਜ਼ ਇਨ ਇੰਡੀਆ', ਕਲਕੱਤਾ।
4. ਪੁਲੀਸ ਯਾਦ-ਪੱਤਰ (ਗੁਰੂ ਰਾਮ ਸਿੰਘ ਬਾਰੇ), 5-4-1863
5. ਰੋਜ਼ਾਨਾਂ ਟਾਈਮਜ਼, ਲੰਡਨ, 7-2-1872
6. ਜੇ. ਡਬਲਿਊ ਮੈਕਨਬ, ਮੀਮੋ ਆਨ ਰਾਮ ਸਿੰਘ, 4-11-1871
7. ਲੈਫਟੀਨੈਂਟ ਗਵਰਨਰ ਪੰਜਾਬ ਦੀ ਕਾਰਵਾਈ, 26-2-1872
8. ਸਵਰਨ ਸਿੰਘ ਸਨੇਹੀ, 'ਕੂਕਾਜ਼ ਇਨ ਰਿਲੇਸ਼ਨ ਟੂ ਸਿੱਖ ਰੂਲ', ਪੰਜਾਬ ਹਿਸਟਰੀ ਕਾਨਫਰੰਸ, ਸੈਸ਼ਨ ਪੰਦਰਵਾਂ।
9. ਗੁਲਾਮ ਸ਼ੇਖ, 'ਤਵਾਰੀਖੇ ਵਾਕਰੀ', ਹੱਥ ਲਿਖਤ।
10. ਪੁਲੀਸ ਐਬਸਟਰੈਕਟ, 1867
11. ਕੂਕਾ ਯਾਦ ਪੱਤਰ, ਜਨਵਰੀ 1868
12. ਉਕਤ ਨੰਬਰ 4 ਵਾਲਾ।
13. 'ਫਰਦਰ ਨੈਰੇਟਿਵ ਆਫ ਕੂਕਾ ਸੈਕਟ', ਜਨਵਰੀ 1867
14. ਗੁਲਾਮ ਸ਼ੇਖ, 'ਤਵਾਰੀਖੇ ਵਾਕਰੀ'
15. ਅਖਬਾਰ 'ਕੋਹੇਨੂਰ', ਲਾਹੌਰ, 28-9-1867
16. ਗਵਰਨਰ ਜਨਰਲ ਦੀ ਕਾਰਵਾਈ ਮਿਤੀ 18-10-1871
17. — ਉਹੀ —
18. — ਉਹੀ —
19. ਉਪ ਪੁਲਸ ਕਪਤਾਨ ਅੰਮ੍ਰਿਤਸਰ ਵਲੋਂ ਕਰਨਲ ਮੈਕਐਂਡਰਿਊ ਵਲ, ਮਿਤੀ 9-10-1871
20. ਫੌਜਾ ਸਿੰਘ, ਕੂਕਾ 'ਮੂਵਮੈਂਟ'
21. ਨਾਹਰ ਸਿੰਘ, 'ਨਾਮਧਾਰੀ ਇਤਿਹਾਸ', 267
22. ਉਪ ਪੁਲਸ ਕਪਤਾਨ, ਗੁਜਰਾਂਵਾਲਾ ਵਲੋਂ ਇਨਸਪੈਕਟਰ ਜਨਰਲ, ਪੁਲੀਸ, 29-3-1872

Namdhari Elibrary NamdhariElibrary@gmail.com

23. ਕਰਨਲ ਰ.ਸ. ਡਾਂਕਸ ਵਲੋਂ ਸੀ.ਯੂ. ਐਚੀਸਨ, 22-11-1871

24. ਫਾਰੇਨ ਸੀਕਰਟ, ਨੰ: 558-599, ਜਨਵਰੀ 1882,

25. ਰ.ਜੀ. ਟੇਲਰ ਵਲੋਂ ਸੈਕਟਰੀ ਪੰਜਾਬ, ਮਿਤੀ 11-9-1866

26. ਲੇਪਿਲ ਗਰਿਫਨ ਵਲੋਂ ਸਕੱਤਰ ਹਿੰਦ ਸਰਕਾਰ, ਈ.ਸੀ. ਬੇਲੀ ਵਲ, 22-1-1872

27. ਮੈਕਨਬ, ਮੀਮੋ ਆਨ ਰਾਮ ਸਿੰਘ', 4-1-1871

28. ਹੋਮ, ਜੁਡੀਸ਼ਲ ਪਰੋਸੀਡਿੰਗਜ਼, 17-7-1872, ਅਗਸਤ 1872

29. ਇਨਸਪੈਕਟਰ ਜਨਰਲ ਪੁਲਸ ਪੰਜਾਬ ਵਲੋਂ ਪੰਜਾਬ ਸਰਕਾਰ, 14-1-1871

30. ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, 80

31. ਭਾਨੂੰ ਦਤ, ਗੁਰੂ ਸਿੰਘ ਇਤਿਹਾਸ (1882)

32. ਸੰਤੋਖ ਸਿੰਘ, ਸਤਿਗੁਰੂ ਬਿਲਾਸ

33. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਪੰਨਾ 309

34. ਐਕਸਟਰਾਔਰਡੀਨਰੀ ਗਜ਼ਟ, ਪੰਜਾਬ ਸਰਕਾਰ, 15-9-1871

35. ਭਾਈ ਸੰਤੋਖ ਸਿੰਘ, ਸਤਿਗੁਰੂ ਬਿਲਾਸ, ਹੱਥ ਲਿਖਤ ।

36. ਇਨਾਇਤ ਅਲੀ, ਅਫਗਾਨਜ਼ ਆਫ ਕੋਟਲਾ ।

37. ਡੀ.ਸੀ. ਲੁਧਿਆਣਾ ਵਲੋਂ ਕਮਿਸ਼ਨਰ ਅੰਬਾਲਾ, 17-1-1872

38. ਡਿਪਟੀ ਕਮਿਸ਼ਨਰ ਲੁਧਿਆਣਾ ਵਲੋਂ ਸਕੱਤਰ ਪੰਜਾਬ ਸਰਕਾਰ, (ਮਿਤੀ ਨਹੀਂ)

39. ਮੇਜਰ ਪਰਕਿਨਜ਼ ਦੀ ਰਿਪੋਰਟ ਡੀ.ਸੀ. ਲੁਧਿਆਣਾ ਵਲ, 18-1-1872

40. 1928 ਬਿਕ੍ਰਮੀ ਭਾਵ 1872 ਈਸਵੀ

41. ਗਿ: ਗਿਆਨ ਸਿੰਘ, ਪੰਥ ਪ੍ਰਕਾਸ਼, ਪਟਿਆਲਾ, 1970, ਪੰਨਾ 518

42. ਡੀ.ਸੀ. ਲੁਧਿਆਣਾ ਵਲੋਂ ਕਮਿਸ਼ਨਰ ਅੰਬਾਲਾ, 17-1-1872

43. ਇਤਿਹਾਸ ਪ੍ਰੇਮੀ, ਭਾਰਤਵਰਸ਼ ਕਾ ਇਤਿਹਾਸ, ਬਨਾਰਸ ।

44. ਐਡਵਰਡ ਥਾਂਪਸਨ, ਅਦਰ ਸਾਈਡ ਆਫ ਦੀ ਮੈਡਲ ।

45. ਡਿਪਟੀ ਇਨਸਪੈਕਟਰ ਜਨਰਲ ਪੁਲਸ ਵੱਲੋਂ ਕਮਿਸ਼ਨਰ ਅੰਬਾਲਾ, 20-1-1872

46. ਆਰ.ਜੀ. ਟੇਲਰ, ਰੋਜ਼ਾਨਾ ਟਾਈਮਜ਼ ਲੰਡਨ, 7-2-1872

Namdhari Elibrary NamdhariElibrary@gmail.com

47. ਕਾਵਨ ਵਲੋਂ ਫੋਰਸਿਥ ਨੂੰ ਪੱਤਰ, 16-1-1872

48. ਰੋਜ਼ਾਨਾਂ ਟਾਈਮਜ਼, ਲੰਡਨ, 1-3-1872

49. ਫਰੈਂਡ ਆਫ ਇੰਡੀਆ, ਕਲਕੱਤਾ, 8-2-1872

50. ਲੇਪਿਲ ਗਰਿਫਨ ਵਲੋਂ ਈ.ਸੀ. ਬੇਲੀ ਨੂੰ 9-9-1871

51. ਲੈਫਟੀਨੈਂਟ ਗਵਰਨਰ, 26-2-1872

52. ਲੇਪਿਲ ਗਰਿਫਨ ਵਲੋਂ ਐਚ.ਐਲ. ਡੈਂਪੀਅਰ ਨੂੰ, 30-9-1872

53. ਮੇਜਰ ਆਰ.ਐਚ. ਡੇਵਿਸ ਵਲੋਂ ਸੀ.ਯੂ ਐਚੀਸਨ ਨੂੰ 12-4-1872

54. ਲੇਪਿਲ ਗਰਿਫਨ ਵਲੋਂ ਸੀ.ਯੂ. ਐਚੀਸਨ ਨੂੰ, 2-41872

55. ਸਤਿਜੁਗ, ਸ੍ਰੀ ਭੈਣੀ ਸਾਹਿਬ, 10 ਮਾਘ 1992 ਬਿ:

56. ਜਵਾਹਰਲਾਲ ਨਹਿਰੂ, ਆਤਮਕਥਾ, (ਅੰਗਰੇਜ਼ੀ) 1962, 201

57. ਰੋਜ਼ਾਨਾਂ ਟ੍ਰਿਬਿਊਨ, ਲਾਹੌਰ, 27-12-1929

58. ਸਵਰਨ ਸਿੰਘ ਸਨੇਹੀ, ਸ਼ਹੀਦ ਭਗਤ ਸਿੰਘ ਤੇ ਕੂਕੇ, ਰੋਜ਼ਾਨਾਂ ਅਜੀਤ ਜਲੰਧਰ, 16-11-1983

59. ਇਨਸਪੈਕਟਰ ਜਨਰਲ ਪੁਲਸ ਪੰਜਾਬ ਵਲੋਂ ਸਰਕਾਰ ਪੰਜਾਬ, 20-1-1868

60. ਡਾ. ਫੌਜਾ ਸਿੰਘ, ਕੂਕਾ ਮੂਵਮੈਂਟ, 182

61. ਲਾਰਡ ਰਿਪਨ ਵਲੋਂ ਸੈਕਟਰ ਆਫ ਸਟੇਟ ਫਾਰ ਇੰਡੀਆ ਨੂੰ, 17-8-1883

62. ਵਾਈ.ਐਮ. ਯੰਗ ਵਲੋਂ ਐਚ.ਐਮ. ਡੂਰੈਂਡ ਨੂੰ, 15-5-1886

63. ਨਵੰਬਰ-ਦਸੰਬਰ 1888 ਵਿਚ ਸਰਕਾਰ ਨੂੰ ਪ੍ਰਾਪਤ ਰਿਪੋਰਟ।


Namdhari Elibrary NamdhariElibrary@gmail.com

Namdhari Elibrary NamdhariElibrary@gmail.com



ਮਲੇਰਕੋਟਲਾ ਵਿਖੇ ਕੂਕਿਆਂ ਦੀ ਯਾਦ ਵਿੱਚ ਉਸਾਰਿਆ ਗਿਆ ਇੱਕ ਸਮਾਰਕ

ਜਾਰੀ ਕਰਤਾ : ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ

Namdhari Elibrary NamdhariElibrary@gmail.com